ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਵੱਡਾ ਘਲੂਘਾਰਾ

ਅਬਦਾਲੀ ਨੇ ਸਿਖ ਕੌਮ ਦੀ ਹਸਤੀ ਮਿਟਾਣ ਲਈ ਪੂਰੀ ਵਾਹ ਲਾ ਦਿਤੀ
ਪਰ ਸਿਖ ਦੂਣੇ ਚਉਣੇ ਹੋ ਕੇ ਦੁਸ਼ਟਾਂ ਦੋਖੀਆਂ ਦਾ ਨਾਸ਼ ਕਰਦੇ ਰਹੇ।

SEPT 1985



ਸਤੰਬਰ ੧੯੮੫

ਬੇਅਣਖੇ ਹੋ ਕੇ ਜੀਣ ਤੋਂ ਚੰਗਾ ਮਰ ਜਾਈਏ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੪ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਪੂਰਾ ਗੁਰੂ ਤੇ ਅਧੂਰੇ ਗੁਰੂ (ਸ਼ਬਦ ਵਿਆਖਿਆ) | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸੁਨਿ ਅਕਥ ਕਥਾ ਸੁਖਵੰਤੀ | ੪ | ,, ,, ,, |
| ਵਾਹਿਗੁਰੂ ਬੇਅੰਤ ਹੈ | ੫ | ਮਾਸਟਰ ਤਾਰਾ ਸਿੰਘ ਜੀ |
| ਨਾਨਕ ਨਾਮ ਚੜ੍ਹਦੀ ਕਲਾ—ਅ (੫) | ੬ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਗੁਰਬਾਣੀ ਵਿਚ 'ਹਿੰਦੁਸਤਾਨ' ਸ਼ਬਦ | ੧੧ | ਗਿ: ਉਤਮ ਸਿੰਘ ਜੀ ਪਾਤਰ |
| ਗੁਰਸਿਖੀ ਅਤੇ ਰਹਿਤ-ਰਹਿਣੀ | ੧੫ | 'ਸੂਰਾ' ਪਰਵਾਰ |
| ਅਬ ਰੱਛਾ ਮੇਰੀ ਤੁਮ ਕਰੋ | ੧੭ | ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ |
| ਗੁਰਮੁਖਿ ਗਾਡੀ ਰਾਹੁ ਚਲੰਦਾ | ੧੯ | ਭਾਈ ਗੁਰਦਾਸ ਜੀ |
| ਉਠ ਜਾਗ ਤੇ ਵਿਰਸਾ ਸੰਭਾਲ ਸਿੰਘਾ ! | ੨੦ | ਗਿ: ਗੋਪਾਲ ਸਿੰਘ ਜੀ ਮਿਤਰ |
| ਮੱਸੇ ਰੰਘੜ ਨੂੰ ਕਰਨੀ ਦਾ ਫਲ (੩) | ੨੧ | ਕੈਪਟਿਨ ਸਵਰਨ ਸਿੰਘ ਜੀ |
| ਇਕ ਪੰਥ-ਰਤਨ ਦਾ ਵਿਛੋੜਾ | ੩੧ | 'ਸੂਰਾ' ਪਰਵਾਰ |
| ਘਲੂਘਾਰੇ ਦੀ ਕਹਾਣੀ ਵੇਦਾਂਤੀ ਜੀ ਦੀ ਜ਼ਬਾਨੀ | ੩੨ | ਪ੍ਰੋਫ਼ੈਸਰ ਲਾਭ ਸਿੰਘ ਜੀ |
| ਮੌਜੂਦਾ ਹਾਲਾਤ | ੩੯ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਗੁਰੂ ਨਾਨਕ ਨਾਮ-ਲੇਵਾ ਨੂੰ ਸੰਬੰਧਨ (ਕਵਿਤਾ) | ੪੦ | ਗਿ: ਗੋਪਾਲ ਸਿੰਘ ਜੀ ਮਿਤਰ |
| ਨਿਸਚਾ ਰਖੋ ਸ਼ਿਖ ਪੰਥ ਦੇ ਉਤੇ ( ,, ) | ੪੦ | ਸ: ਤੇਗ ਬਹਾਦਰ ਸਿੰਘ ਜੀ ਤੇਗ |


ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ ੧੫ ਸਤੰਬਰ

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ੧੬ ਸਤੰਬਰ — ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ੧੭ ਸਤੰਬਰ

ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ ੨੬ ਸਤੰਬਰ — ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ੨੮ ਸਤੰਬਰ

## 'ਸੂਰਾ' ਮਾਸਕ ਪਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਬਲਵਿੰਦਰ ਸਿੰਘ ਅੰਮ੍ਰਿਤਸਰ | ੨੦-੦੦ | ਸ: ਮਹਿੰਦਰ ਸਿੰਘ ਯੂ. ਕੇ. | ੭੮-੭੫ |
| ਗੁਪਤ ਦਾਨ | ੧੧-੦੦ | ਮਿਸਜ਼ ਨਿਰਮਲ ਸਿੰਘ ਕੰਗ ਯੂ.ਕੇ. | ੪੭-੨੫ |
| ਸ: ਮਨੋਹਰ ਸਿੰਘ ਚੰਡੀਗੜ੍ਹ | ੧੦੦-੦੦ | ਮਿਸਜ਼ ਸੋਹਨ ਸਿੰਘ ਯੂ. ਕੇ. | ੩੧-੨੫ |
| ਬੀਬੀ ਸਤਵੰਤ ਕੌਰ ਸਹਿਗਲ ਯੂ. ਕੇ. | ੧੫੭-੫੦ | ਸ: ਪ੍ਰਿਤਪਾਲ ਸਿੰਘ ਯੂ. ਕੇ. | ੭੮-੭੫ |
| ਬੀਬੀ ਬਲਬੀਰ ਕੌਰ ਸੁਰਿੰਦਰ ਸਿੰਘ ਯੂ. ਕੇ. | ੨੩੬-੨੫ | | |
| ਬੀਬੀ ਸੁਸ਼ੀਲ ਕੌਰ ਨਾਗਪੁਰ | | ਬੱਚੇ ਦੀ ਬਰਸੀ ਦੇ ਭੋਗ ਸਮੇਂ | ੧੧-੦੦ |
| ਸ: ਅਮਰੀਕ ਸਿੰਘ, ਲੁਧਿਆਣਾ | | ਸਿੰਘਣੀ ਦੀ ਅੰਤਮ ਅਰਦਾਸ ਸਮੇਂ | ੫੧-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋਂੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੯.੮੫ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ 51847 ਘਰ : 43094

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਲਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ ਅਮਰੀਕਾ | ੯੦੦-੦੦ |
| ਅਰਬ ਮਲਾਇਆ | ੫੫੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਸਤੰਬਰ ੧੯੮੫ ਅੰਕ ੯


# ਪੂਰਾ ਗੁਰੂ ਤੇ ਅਧੂਰੇ ਗੁਰੂ

ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ...

[ਸਿਰੀ ਰਾਗੁ ਮ: ੧, ਪੰਨਾ ੫੯

ਗੁਰਮਤਿ ਨਾਮ ਰੂਪੀ ਰਤਨ ਦਾ ਅਭਿਆਸ-ਮਈ ਵੀਚਾਰ ਕੇਵਲ ਪੂਰੇ ਗੁਰੂ ਦੁਆਰਾ ਹੀ ਮਿਲਦਾ ਹੈ। ਪੂਰਾ ਗੁਰੂ ਕੇਵਲ ਗੁਰੂ ਨਾਨਕ ਜੋਤਿ ਗੁਰੂ ਜਾਮਿਆਂ ਦੇ ਜੋਤਿ ਸਰੂਪ ਵਿਚ ਹੈ। ਤਾਂ ਤੇ ਜਿਹੜੇ ਲੋਗ ਪਰਪੰਚੀ ਤੇ ਪਖੰਡੀ ਆਪੋਂ ਬਣ ਬੈਠੇ ਊਰੇ ਅਧੂਰੇ ਬੇਹੂਦਾ ਗੁਰੂਆਂ ਪਾਸੋਂ ਨਾਮ ਲੈਂਦੇ ਹਨ, ਇਹ ਉਹਨਾਂ ਦੀ ਮਹਾਂ ਮਨਮਤਿ ਹੈ। ਤਿਨ੍ਹਾਂ ਦੀ ਕਦੇ ਭੀ ਪੂਰੀ ਨਹੀਂ ਪੈਂਦੀ। ਸਚੜੇ ਗੁਰੂ ਦੀ ਸੰਭਾਲ ਸੰਭਾਲ ਕੇ (ਸਚੜੇ ਗੁਰੂ ਨੂੰ ਅਪਣਾ ਕੇ), ਜੋ ਫੇਰ ਨਿਰੇ ਗੁਰੂ ਹੀ ਪ੍ਰਾਇਣ ਹੋ ਰਹਿੰਦੇ ਹਨ, ਅਪਣੱਤ ਦੀ ਰਾਈ ਭੀ ਜਿਨ੍ਹਾਂ ਵਿਚ ਨਹੀਂ ਰਹਿੰਦੀ, ਤਿਨ੍ਹਾਂ ਨੂੰ ਹੀ ਸਰਬ ਪ੍ਰਿਯ ਪਿਆਰੇ ਵਾਹਿਗੁਰੂ ਕਰਤਾਰ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਨਹੀਂ। ਓਥੋਂ ਹੀ ਸਚੜੀ ਮੁਕਤੀ ਦਾ ਸਚੜਾ ਪਦਾਰਥ ਮਿਲਦਾ ਹੈ। ਇਸ ਪਦਾਰਥ ਦੇ ਮਿਲਣ ਕਰਕੇ ਹੀ ਔਗਣਹਾਰੇ ਬੰਦੇ ਦੇ ਔਗੁਣ ਕਟੇ ਜਾਂਦੇ ਹਨ। ਆਨਮਤੀ ਅਵਗਣ ਮਿਟ ਜਾਣ ਪਰ ਹੀ, ਸਚੜੇ ਗੁਰੂ ਦੀ ਸਰਨੀ ਆਉਣ ਪਰ ਹੀ ਸੱਚੇ ਆਤਮ-ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ-ਪਦਾਰਥ ਨਾਮ ਹੀ ਹੈ, ਜੋ ਪੂਰੇ ਗੁਰੂ ਬਿਨਾਂ ਨਹੀਂ ਮਿਲਦਾ।

[ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਗੌਰਵਤਾ ਵਿਚੋਂ']



www.AKJ.Org

# ਸੁਨਿ ਅਕਥ ਕਥਾ ਸੁਖਵੰਤੀ

ਮਨ ਮਿਲੁ ਸੰਤ ਸੰਗਤਿ ਸੁਭਵੰਤੀ ॥ ਸੁਨਿ ਅਕਥ ਕਥਾ ਸੁਖਵੰਤੀ ॥
ਸਭ ਕਿਲਬਿਖ ਪਾਪ ਲਹੰਤੀ ॥ ਹਰਿ ਹੋ ਹੋ ਹੋ ਲਿਖਤੁ ਲਿਖੰਤੀ ॥੧॥ਰਹਾਉ॥
ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ ਭਜੰਤੀ ॥
ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥
ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ ॥
ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ ਜਪਿ ਹਰਿ ਹਰਿ ਹਰਿ ਹੋਵੰਤੀ ॥੨॥੨॥੮॥

[ਨਟ ਮਹਲਾ ੪, ਪੰਨਾ ੯੭੭

ਸੰਤ ਜਨਾਂ ਦੀ ਸੰਗਤਿ ਵਿਚ ਮਿਲ ਕੇ ਸੁਖਵੰਤੀ ਕਥਾ ਦਾ ਸੁਣਨਾ, ਗੁਰਬਾਣੀ ਦੇ ਕੇਵਲ ਅਖੰਡ ਕੀਰਤਨ ਅਤੇ ਅਖੰਡ ਪਾਠ ਸੁਣਨ ਤੋਂ ਬਿਨਾਂ ਹੋਰ ਕੋਈ ਭਾਵ ਨਹੀਂ ਹੋ ਸਕਦਾ। ਸਾਰੇ ਕਿਲਬਿਖ ਪਾਪ ਲਾਹੁਣ ਲਈ ਕਥਾ ਕੇਵਲ ਗੁਰਬਾਣੀ, ਨਿਰੋਲ ਬਾਣੀ ਦਾ ਪਾਠ ਕੀਰਤਨ ਹੀ ਹੈ।

ਗੁਰਬਾਣੀ ਨਾਮ ਦੇ ਨਿਰਬਾਣ ਕੀਰਤਨ ਕਥਨ ਬਾਝੋਂ ਹੋਰ ਕੋਈ ਮਿਲਗੋਭਾ ਬਾਨੀ ਦੀ ਮਨ-ਘੜਤ ਮਿਸਰਤ ਕਥਾ ਹਰਗਿਜ਼ ਗੁਰਮਤਿ ਅਨੁਸਾਰਨੀ ਅਸਲ ਕਥਾ ਨਹੀਂ ਹੋ ਸਕਦੀ। ਇਹ ਅਖੰਡ ਕੀਰਤਨੀ ਹਰਿ ਕਥਾ ਤਿਸੇ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਸ ਦੇ ਮੱਥੇ ਉਤੇ ਧੁਰ ਪੂਰਬ-ਕਰੰਮੀ ਅੰਕੂਰ ਸਫੁਟ ਹੋਇਆ ਹੋਵੇ।

ਇਸ ਤੋਂ ਅਗਲੀ ਤੁਕ ਵਿਚ ਬਿਲਕੁਲ ਸਪਸ਼ਟ ਸਿੱਧਤਾ ਹੋ ਗਈ ਕਿ "ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ ਭਜੰਤੀ ॥" ਭਾਵ ਗੁਰਬਾਣੀ ਕੀਰਤਨ ਰੂਪੀ ਜੋ ਕਥਾ ਹੈ ਵਾਹਿਗੁਰੂ ਦੀ, ਇਹੋ ਕਲਜੁਗ ਅੰਦਰ ਸਚੀ ਕਥਾ ਹੈ। ਗੁਰਮਤਿ ਮਤਿ ਦੀ ਇਹੀ ਕਥਾ ਭਜਨੀ ਹੀ ਸਭ ਤੋਂ ਸਰੇਸ਼ਟ ਹੈ। **"ਮਤਿ ਗੁਰਮਤਿ ਕਥਾ ਭਜੰਤੀ" ਰੂਪੀ ਪੰਗਤੀ ਸਾਫ਼ ਦਸਦੀ ਹੈ ਕਿ ਭਜਨ ਕੀਰਤਨ ਕਰਨ ਵਾਲੀ ਕਥਾ ਹੀ ਗੁਰਮਤਿ ਅੰਦਰ ਪਰਵਾਨ ਹੈ।** ਕਥੋਕੜਾਂ ਦੀ ਕਥਾਵਾਂ ਪਾਉਣ ਵਾਲੀ ਆਨਮਤੀ ਕਥਾ ਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ।

ਜਿਸ ਜਿਸ ਵਡਭਾਗੇ ਜਨ ਨੇ ਇਹ ਗੁਰਮਤਿ ਕਥਾ ਕੀਰਤਨ ਭਜਨ ਵਾਲੀ ਸੁਣੀ ਹੈ ਤੇ ਪੀਤੀ ਹੈ, ਉਸ ਉਪਰੋਂ ਗੁਰੂ ਸਾਹਿਬ ਕੁਰਬਾਨ ਕੁਰਬਾਨ ਹੋ ਹੋ ਜਾਂਦੇ ਹਨ।

ਫੇਰ ਅਗਲੀ ਤੁਕ ਅੰਦਰ ਇਉਂ ਲਿਖਤ ਆਉਂਦੀ ਹੈ—"ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ।" ਭਾਵ, ਜਿਸ ਨੇ ਇਸ ਹਰੀ ਭਜਨ ਕੀਰਤਨ ਰੂਪੀ ਕਥਾ ਦਾ ਰਸ ਚਖਿਆ ਹੈ ਤਿਸ ਦੀ ਸਾਰੀ ਭੁਖ ਜਨਮ-ਜਨਮਾਂਤਰਾਂ ਦੀ ਲਹਿ ਗਈ ਤੇ ਲਹਿ ਜਾਂਦੀ ਹੈ।

ਫੇਰ ਸਭ ਤੋਂ ਛੇਕੜਲੀ ਤੁਕ ਵਿਚ ਆਉਂਦਾ ਹੈ ਕਿ "ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ ਜਪਿ ਹਰਿ ਹਰਿ ਹਰਿ ਹੋਵੰਤੀ ॥" ਇਸ ਤੁਕ ਨੇ ਤਾਂ ਸਾਫ਼ ਤੌਰ ਤੇ ਹੀ ਸਪਸ਼ਟ ਕਰ ਦਿਤਾ ਕਿ ਵਾਹਿਗੁਰੂ ਨਾਮ ਨੂੰ ਸੁਣਨਾ ਜਪਣਾ, ਨਾਮ ਭਜਣਾ ਹੀ ਹਰਿ ਕਥਾ ਹੈ। ਇਸ ਬਿਧਿ ਹਰਿ ਹਰਿ ਜਪਿਆਂ ਹਰੀ ਰੂਪ ਹੀ ਹੋ ਜਾਈਦਾ ਹੈ।........

ਨਾਮ ਤੋਂ ਵਿਹੂਣਾ ਗੁਰ-ਦੀਖਿਆ ਹੀਣਾ ਨਿਗੁਰਾ ਪੁਰਸ਼ ਐਵੇਂ ਕਥਾਵਾਂ ਪਾ ਪਾ ਕੇ ਕਥੋਗੜ ਬਣਿ ਬਣਿ ਬਹਿੰਦਾ ਹੈ। ਉਸ ਤੋਂ ਕੁਛ ਨਹੀਂ ਸਰਦਾ ਸਰਾਉਂਦਾ। ਐਵੇਂ ਆਪਣਾ ਦਿਲ ਪਰਚਾਉਂਦਾ ਹੈ। ਚਰਚਾ ਪਰਚਾ ਪਾ ਕੇ ਲੋਕਾਂ ਨੂੰ ਮੁਗਧ ਬਣਾ ਕੇ ਆਪਣੇ ਪਿਛੇ ਲਾਉਂਦਾ ਹੈ। ਯਥਾ ਗੁਰਵਾਕ—



www.AKJ.Org

ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥੧੩॥

[ਮਾਰੂ ਮਹਲਾ ੩, ਪੰਨਾ ੧੦੪੪

ਭਾਵ, ਸਤਿਗੁਰੂ ਦੁਆਰਿਓਂ ਸਤਿਗੁਰੂ ਦਾ ਬਣ ਕੇ, ਸਤਿਗੁਰੂ ਤੋਂ ਗੁਰ-ਦੀਖਿਆ ਗੁਰਮੰਤ੍ਰ ਲੈ ਕੇ, ਫੇਰ ਗੁਰਮੰਤ੍ਰ ਦੀ ਅਥਾਹ ਅਭਿਆਸ ਕਮਾਈ ਕਰ ਕੇ ਸਚੀ ਬੂਝ ਨੂੰ ਬੁਝਦਾ ਹੈ ਅਤੇ ਸਚੀ ਸੂਝ ਨੂੰ ਸੁਝਦਾ ਹੈ। ਤ੍ਰਿਕਾਲ-ਦਰਸੀ ਹੋ ਕੇ ਉਸ ਨੂੰ ਸਭ ਕੁਛ ਸੂਝ ਪੈਂਦੀ ਹੈ। ਅੰਤਰਲੀ ਬਾਹਰਲੀ ਗ਼ਾਇਬ ਦੀ ਉਸ ਨੂੰ ਸੁਤੇ ਹੀ ਸੂਝ ਪ੍ਰਾਪਤੀ ਹੋ ਜਾਂਦੀ ਹੈ।

ਦੂਸਰੀ ਤੁਕ "ਨਾਮ ਵਿਹੂਣਾ ਕਥਿ ਕਥਿ ਲੂਝੈ" ਦਸਦੀ ਹੈ ਕਿ ਨਾਮ ਤੋਂ ਸੁੰਞਾ ਜੋ ਨਿਗੁਰਾ ਪੁਰਸ਼ ਹੈ ਗੁਰ-ਦੀਖਿਆ ਵਿਹੂਣਾ, ਉਸ ਨੂੰ ਤੱਤ ਸਾਰ ਪ੍ਰਮਾਰਥ ਦੀ ਤਾਂ ਸੂਝ ਬੂਝ ਕੁਛ ਹੁੰਦੀ ਹੀ ਨਹੀਂ, ਐਵੇਂ ਮਨ-ਉਕਤ ਕਥਾ ਨੂੰ ਕਥ ਕਥ ਕੇ, ਫੋਕੀ ਕਥਾ ਕਰ ਕਰ ਕੇ ਹੀ ਲੁਝਦਾ ਹੈ, ਐਵੇਂ ਖਪਿ ਖਪਿ ਮਰਦਾ ਹੈ। ਨਾ ਉਸ ਦੇ ਪਲੇ ਕੁਝ ਪੈਂਦਾ ਹੈ, ਨਾ ਕੁਝ ਸਰੋਤਿਆਂ ਪਲੇ ਉਹ ਪਾ ਸਕਦਾ ਹੈ। ਸਰੋਤਿਆਂ ਦੇ ਪਲੇ ਤਾਂ ਤਦ ਪਵੇ ਜੇ ਉਸ ਦੇ ਆਪਣੇ ਪਲੇ ਕੁਛ ਹੋਵੇ। ਆਪ ਖ਼ੁਦ ਤਾਂ ਸੱਚੀ ਰਾਸ ਤੋਂ ਖ਼ਾਲੀ ਹੁੰਦਾ ਹੈ, ਦੂਜਿਆਂ ਨੂੰ ਕੀ ਸੋਝੀ ਪਾ ਸਕਦਾ ਹੈ।...

...ਇਸ ਊਲ-ਜਲੂਲੀ ਕਥਾ-ਪਰਪਾਟੀ ਨੇ ਪੰਥ ਨੂੰ ਬੜਾ ਹੀ ਘਾਟਾ ਪਾਇਆ ਹੈ। ਕਥਾ ਕਰਨਹਾਰੇ ਮਨ-ਮਤਸਰੀ ਨਿਜ ਬੁਧੀ ਦੇ ਮਾਲਕ ਹੁੰਦੇ ਹਨ। ਫਿਕੀਆਂ ਕਥਾਵਾਂ ਪਾ ਪਾ ਕੇ ਦੂਜਿਆਂ ਨੂੰ ਬੁੱਧੂ ਬਣਾਉਂਦੇ ਹਨ। ਆਪਣਾ ਉਲੂ ਸਿਧਾ ਕਰਦੇ ਹਨ। ਸ੍ਰੋਤਿਆਂ ਨੂੰ ਉਲੂ ਬਣਾਉਂਦੇ ਹਨ। ਅਜਿਹੇ ਉੱਲੂ ਬੁਧੀ ਦੇ ਬੁਧੱਕੜਾਂ ਤੋਂ ਸਰਦਾ ਕਖ ਭੀ ਨਹੀਂ। ਉਹਨਾਂ ਦੀ ਬਿਰਥਾ ਘਾਲ ਅਜਾਈਂ ਹੀ ਜਾਂਦੀ ਹੈ। ਸ਼ਬਦ-ਨਾਮ ਵਿਹੂਣਿਆਂ ਨੂੰ ਕਦੇ ਭੀ ਪ੍ਰਮਾਰਥ ਦੀ ਸੋਝੀ ਨਹੀਂ ਪੈ ਸਕਦੀ। ਓਹ ਕਥਾ ਕੀ ਕਰਨਗੇ? ਖ਼ਾਕ? ਗੁਰਵਾਕ—

ਬਿਨੁ ਸਬਦੈ ਤੁਧੁ ਨੋ ਕੋਈ ਨ ਜਾਣੀ ॥ ਤੁਧੁ ਆਪੇ ਕਥੀ ਅਕਥ ਕਹਾਣੀ ॥੧੪॥

[ਮਾਰੂ ਮਹਲਾ ੩, ਪੰਨਾ ੧੦੫੬

[ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ "ਕਥਾ ਕੀਰਤਨ" ਪੰਨਾ ੫੯ ਤੋਂ ੭੨ ਵਿਚੋਂ]

---

# ਵਾਹਿਗੁਰੂ ਬੇਅੰਤ ਹੈ

[ਮਾਸਟਰ ਤਾਰਾ ਸਿੰਘ ਜੀ]

ਪ੍ਰਮਾਤਮਾ ਬੇਅੰਤ ਹੈ ਤੇ ਹਰ ਪਾਸੇ ਵਲੋਂ, ਹਰ ਗੱਲ ਵਿਚ, ਹਰ ਸਮੇਂ ਬੇਅੰਤ ਹੈ। ਸਾਡੇ ਅੰਤ ਵਾਲੇ ਦਿਮਾਗਾਂ ਨੂੰ ਇਹ ਅਨੁਭਵ ਨਹੀਂ ਹੋ ਸਕਦਾ। ਸਾਡੇ ਦਿਮਾਗਾਂ ਨੂੰ ਤਾਂ ਸਮੇਂ ਤੇ ਸਥਾਨ ਦੀ ਹੱਦਬੰਦੀ ਲੱਗੀ ਹੋਈ ਹੈ। ਅਸੀਂ ਕਿਸੇ ਗੱਲ ਦਾ ਅਨੁਭਵ ਹੀ ਦਿਮਾਗ ਵਿਚ ਨਹੀਂ ਲਿਆ ਸਕਦੇ, ਜੋ ਸਮੇਂ ਤੇ ਜਾਂ ਸਥਾਨ ਤੋਂ ਪਰੇ ਹੋਵੇ। ਵਾਹਿਗੁਰੂ ਇਹਨਾਂ ਹੱਦਬੰਦੀਆਂ ਤੋਂ ਪਰੇ ਹੈ ਤੇ ਅਸੀਂ ਉਸ ਨੂੰ ਕਿਸ ਤਰ੍ਹਾਂ ਖ਼ਿਆਲ ਵਿਚ ਲਿਆ ਸਕੀਏ? ਉਸ ਨੂੰ ਆਪਣੇ ਖ਼ਿਆਲ ਵਿਚ ਲਿਆਉਣ ਦਾ ਜੋ ਜਤਨ ਕਰਦਾ ਹੈ, ਉਹ ਬੇਅੰਤਤਾ ਦਾ ਭਾਵ ਹੀ ਨਹੀਂ ਸਮਝਦਾ। ਇਹ ਮੈਂ ਮੰਨਦਾ ਹਾਂ ਕਿ ਆਦਮੀ ਵਿਚ ਕੋਈ ਅਜਿਹੀਆਂ ਸ਼ਕਤੀਆਂ ਹਨ ਜਿਨ੍ਹਾਂ ਦਾ ਆਦਮੀ ਨੂੰ ਆਪ ਵੀ ਪਤਾ ਨਹੀਂ, ਤੇ ਹੋ ਸਕਦਾ ਹੈ ਕਿ ਕੋਈ ਅਜਿਹੀ ਸ਼ਕਤੀ ਹੋਵੇ ਜਿਸ ਦੇ ਵਧਣ (Develope) ਨਾਲ ਵਾਹਿਗੁਰੂ ਨੂੰ ਮਹਿਸੂਸ ਕੀਤਾ ਜਾ ਸਕੇ, ਪਰ ਉਸ ਨੂੰ ਆਪਣੇ ਦਿਮਾਗ ਦੇ ਖ਼ਿਆਲ ਵਿਚ ਨਹੀਂ ਲਿਆਇਆ ਜਾ ਸਕਦਾ। ਉਸ ਵਾਹਿਗੁਰੂ ਨੂੰ ਆਪਣੇ ਖ਼ਿਆਲ ਦੇ ਜ਼ੋਰ ਨਾਲ ਸਮਝਣ ਵਿਚ ਅਸਮਰੱਥ ਹੋ ਕੇ ਅਸੀਂ ਉਸ (ਦੀ ਹੋਂਦ) ਤੋਂ ਇਨਕਾਰ ਕਰ ਦਿੰਦੇ ਹਾਂ।

[ਪੁਸਤਕ 'ਕਿਉ ਵਰਨੀ ਕਿਵ ਜਾਣਾ' ਵਿਚੋਂ



www.AKJ.Org

# ਨਾਨਕ ਨਾਮ ਚੜ੍ਹਦੀ ਕਲਾ (ਅ)

[ਵਲੋਂ—ਪ੍ਰੋਫੈਸਰ ਗੁਰਮੁਖ ਸਿੰਘ ਜੀ]

**ਸਿੱਖ ਮਾਨਸਿਕਤਾ ਲੇਖ-ਲੜੀ ਨੰਬਰ ੫**

ਲੇਖਕ ਜੀ ਨੇ ਗੁਰਬਾਣੀ ਤੇ ਸਿਖ ਇਤਿਹਾਸ ਦਾ ਅਧਿਐਨ ਕਰ ਕੇ ਸਿਧ ਕੀਤਾ ਹੈ ਕਿ ਗੁਰੂ ਕੇ ਸਿਖ ਗੁਰਬਾਣੀ ਦੇ ਲੜ ਲਗ ਕੇ, ਕਿਵੇਂ ਮਨ ਦੀ ਅਡੋਲ ਅਵਸਥਾ ਵਿਚ ਨਾਮ-ਅਭਿਆਸ ਦੀਆਂ ਅਤੁਟ ਕਮਾਈਆਂ ਕਰਦੇ ਹੋਏ, ਸਤਿਗੁਰੂ ਨੂੰ ਅੰਗ ਸੰਗ ਪ੍ਰਤੀਤ ਕਰ ਕੇ, ਹੁਕਮ ਰਜ਼ਾ ਅੰਦਰ ਚੜ੍ਹਦੀ ਕਲਾ ਵਿਚ ਵਿਚਰਦੇ ਹਨ।

ਇਸ ਲੇਖ ਦਾ ਪਹਿਲਾ ਅੱਧ ਅਗਸਤ ੧੯੯੫ ਦੇ 'ਸੂਰਾ' ਵਿਚ ਦਿਤਾ ਜਾ ਚੁਕਾ ਹੈ, ਹੁਣ ਉਸ ਦਾ ਬਾਕੀ ਅਧ ਪਾਠਕਾਂ ਦੀ ਭੇਟ ਕੀਤਾ ਜਾ ਰਿਹਾ ਹੈ। —ਸੰਪਾਦਕ

ਹੁਣ ਤਕ ਚੜ੍ਹਦੀ-ਕਲਾ ਦੇ ਦੋ ਪੱਖਾਂ ਤੇ ਵਿਚਾਰ ਹੋਈ ਹੈ। ਪਹਿਲੀ ਅਵਸਥਾ ਨਾਮ ਅਭਿਆਸ ਦੀਆਂ ਅਤੁਟ ਕਮਾਈਆਂ ਕਰਨਾ ਤੇ ਦੂਜੀ ਮਨ ਦਾ ਅਡੋਲ ਅਵਸਥਾ ਨੂੰ ਪ੍ਰਾਪਤ ਕਰਨਾ।

ਤੀਸਰੀ ਨਿਸ਼ਾਨੀ ਇਹ ਹੈ ਕਿ ਚੜ੍ਹਦੀ ਕਲਾ ਵਾਲੇ ਪ੍ਰਾਣੀ ਨੂੰ ਸਤਿਗੁਰੂ ਜੀ ਸਦਾ ਅੰਗ ਸੰਗ ਪ੍ਰਤੀਤ ਹੁੰਦੇ ਹਨ। ਦਰ ਅਸਲ ਜੇ ਅੰਗ ਸੰਗ ਪ੍ਰਤੀਤ ਨ ਹੋਣ ਤਾਂ ਮਨ ਡੋਲ ਜਾਏ। ਭਗਤ ਪ੍ਰਹਿਲਾਦ ਨੂੰ ਅੱਗ ਨਾਲ ਲਾਲ ਹੋਏ ਥੰਮ ਉਪਰ ਕੀੜੀ ਤੁਰਦੀ ਦਿਖਾ ਕੇ ਅੰਗ ਸੰਗ ਹੋਣ ਦਾ ਸਬੂਤ ਦਿਤਾ ਤੇ ਉਹਨੇ ਅਡੋਲ ਹੋ ਕੇ ਅੰਗਾਰ ਵਾਂਗ ਭਖਦੇ ਥੰਮ ਨੂੰ ਗਲੇ ਲਗਾ ਲਿਆ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਗਪੁਰ ਜੇਲ੍ਹ ਦੇ ਇਕ ਬਿਰਤਾਂਤ ਵਿਚੋਂ ਉਹਨਾਂ ਦੀ ਚੜ੍ਹਦੀ ਕਲਾ ਦਾ ਸੰਕੇਤ ਮਿਲਦਾ ਹੈ। ਇਕ ਵਾਰੀ ਉਸ ਜੇਲ੍ਹ ਵਿਚ ਵਲਾਇਤੋਂ ਆਏ ਵੱਡੇ ਪਾਦਰੀ ਸਾਹਿਬ (Arch Bishop) ਦੀ ਭਾਈ ਸਾਹਿਬ ਜੀ ਨਾਲ (ਜੇਲ੍ਹ ਕੋਠੜੀ ਵਿਚ ਡਕੇ ਹੋਇਆਂ ਦੀ) ਮੁਲਾਕਾਤ ਕਰਾਈ ਗਈ। ਜੇਲ੍ਹ ਚਿਠੀਆਂ ਵਿਚ ਭਾਈ ਸਾਹਿਬ ਉਸ ਵਾਰਤਾ ਦਾ ਜ਼ਿਕਰ ਕਰਦਿਆਂ ਲਿਖਦੇ ਹਨ—

"ਹਾਂ ਜੀ! ਉਹ ਤੰਗ ਤਾਰੀਕ ਕਾਲ ਕੋਠੜੀ ਹੈ, ਜਿਥੇ ਦਿਨ ਰਾਤ ਅਕਾਲ ਅਕਾਲ ਦੀ ਧੁਨੀ, ਅਜਪਾ ਜਾਪ ਦੀ ਟੇਰ ਵਿਚ ਅਭਿਆਗਤ ਰਹਿਣ ਕਰ ਅਚਰਜ ਰੁਣਝੁਣੀ ਗੁੰਜਾਰ ਬਣੀ ਰਹਿੰਦੀ ਹੈ। ਗੁਰੂ ਕਰਤਾਰ ਦੀ ਅਹਿਨਿਸ ਹਜ਼ੂਰੀ ਦਿੱਬ ਨਿਕਟਾਰੀ ਨੈਣ ਅਲੋਇਣੀ ਇਨਕਸ਼ਾਫ ਪ੍ਰਗਟ ਪਹਾਰੇ ਜਾਪਦਾ ਹੈ। ਨਾਫ ਨਫੋਲੜੇ, ਮੁਸ਼ਕ ਝਕੋਲੜੇ, ਜਾਪ ਜਪੋਲੜੇ ਢੋਲਣੇ ਦਾ ਸਦਾ ਨਵਤਨ ਰੰਗੋਲੜਾ ਵਿਗਾਸ ਨਾਭ-ਕੰਵਲ ਤੋਂ ਵਿਗਸ ਕੇ, ਨਭ-ਮੰਡਲਾਂ ਵਿਚ ਪਸਰ ਜਾਂਦਾ ਹੈ। ਇਹ ਜੋਤਿ-ਬਿਸ਼ਗੁਫਤਨੀ ਪਸਾਰਾ ਇਸ ਕਾਲ-ਕੋਠੜੀ ਨੂੰ ਝਿਲਮਿਲਾਤੀ ਭਉਣ-ਗੁਫਾ ਬਣਾਈ ਰਖਦਾ ਹੈ,'ਜਿਉ ਪਸਰੀ ਸੂਰਜ ਕਿਰਣਿ ਜੋਤਿ॥ਤਿਉ ਘਟਿ ਘਟਿ ਰਮਈਆ ਓਤਿ ਪੋਤਿ॥' (੧੧੭੭) ਵਾਲੇ ਗੁਰਵਾਕ ਭਾਵ ਦਾ ਨਜ਼ਾਰਾ ਬਝਿਆ ਰਹਿੰਦਾ ਹੈ।...... [ਜੇਲ੍ਹ ਚਿੱਠੀਆਂ, ਪੰਨਾ ੪੧੯]

ਇਕ ਦਿਨ ਜੇਲ੍ਹ ਦੇ ਸਟਾਫ਼ ਨੇ ਵੱਡੇ ਪਾਦਰੀ ਨੂੰ ਭਾਈ ਸਾਹਿਬ ਜੀ ਦੀ ਕਾਲ-ਕੋਠੜੀ ਅਗੇ ਆਣ ਖੜਾ ਕੀਤਾ। ਭਾਈ ਸਾਹਿਬ ਉਤੇ ਭਾਵੇਂ ਕੜਕਦੀ ਧੁਪ ਪੈ ਰਹੀ ਸੀ, ਪਰ ਆਪ ਨਾਮ-ਰਸ ਵਿਚ ਮਗਨ ਸਨ। ਪੰਦਰਾਂ ਮਿੰਟਾਂ ਬਾਅਦ ਉਹਨਾਂ ਨੇ ਭਾਈ ਸਾਹਿਬ ਨੂੰ ਝੰਜੋੜ ਕੇ ਸਾਵਧਾਨ ਕੀਤਾ ਤਾਂ ਕਿ ਉਹ ਅੰਗਰੇਜ਼ਾਂ ਦੇ ਮਹਾਨ ਧਾਰਮਕ ਆਗੂ ਨਾਲ ਧਰਮ ਚਰਚਾ ਕਰ ਸਕਣ। ਉਹਨਾਂ ਦੇ ਪੁਛਣ ਤੇ ਕਿ ਉਹਨਾਂ ਨੂੰ ਕਿਤਨੀ ਦੇਰ ਲਈ ਇਸ ਕਾਲ ਕੋਠੜੀ ਵਿਚ ਬੰਦ ਰਖਿਆ ਜਾਂਦਾ ਹੈ ਤਾਂ ਆਪ ਨੇ ਉਤਰ ਦਿਤਾ ਕਿ ਦਿਨ ਰਾਤ। ਅਤੇ ਇਉਂ ਉਹਨਾਂ ਨੂੰ ਉਥੇ ਰਹਿੰਦਿਆਂ ਅੱਠ ਸਾਲ ਹੋ ਗਏ ਸਨ। ਕੋਠੜੀ ਦੇ ਛੋਟੇ ਜਿਹੇ ਵੇਹੜੇ ਵਿਚ ਹੀ ਭਾਈ ਸਾਹਿਬ ਟਹਿਲ ਲੈਂਦੇ ਸਨ। ਪਾਦਰੀ ਭਾਈ ਸਾਹਿਬ ਦੀ ਸਾਰੀ ਵਿਥਿਆ ਸੁਣ ਕੇ ਬੜਾ ਹੈਰਾਨ ਇਸ ਲਈ ਸੀ ਕਿ ਉਸ ਛੋਟੀ ਜਿਹੀ ਕੋਠੜੀ



www.AKJ.Org

ਵਿਚ ਭਾਈ ਸਾਹਿਬ ਇਤਨੇ ਸਾਲ ਕਟਣ ਤੋਂ ਬਾਅਦ ਭੀ ਚੜ੍ਹਦੀ ਕਲਾ ਵਿਚ ਕਿਵੇਂ ਹਨ ? ਉਹਨਾਂ ਦੇ ਚਿਹਰੇ ਤੇ ਸਗੋਂ ਖੇੜਾ ਹੈ, ਨਾਮ ਦੀਆਂ ਲਾਲੀਆਂ ਹਨ। ਉਹ ਜਾਣਨਾ ਚਾਹੁੰਦਾ ਸੀ ਕਿ ਆਖ਼ਰ ਭਾਈ ਸਾਹਿਬ ਦੇ ਧਰਮ ਵਿਚ ਅਜਿਹੀ ਕਿਹੜੀ ਗੱਲ ਹੈ ਜੋ ਇਹਨਾਂ ਨੂੰ ਸਦਾ-ਚਾਉ ਤੇ ਚੜ੍ਹਦੀ ਕਲਾ ਵਿਚ ਰਖਦੀ ਹੈ। ਇਸ ਲਈ ਉਸ ਨੇ ਭਾਈ ਸਾਹਿਬ ਦੇ ਮਨ ਨੂੰ ਫਰੋਲਣ ਲਈ ਪੁਛਿਆ, "ਤੁਸੀਂ ਇਸ ਕੋਠੜੀ ਵਿਚ ਇਕੱਲ ਨਹੀਂ ਮਹਿਸੂਸ ਕਰਦੇ ?" ਭਾਈ ਸਾਹਿਬ ਦਾ ਉਤਰ ਨੋਟ ਕਰਨ ਵਾਲਾ ਹੈ—"ਬਿਲਕੁਲ ਨਹੀਂ, ਮੈਂ ਇਕ ਛਿੰਨ ਭੀ ਇਕੱਲਾ ਨਹੀਂ ਰਹਿੰਦਾ।" ਜੇਲ੍ਹ ਸੁਪਰਡੈਂਟ ਨੇ ਟੋਕ ਕੇ ਕਿਹਾ ਕਿ ਇਹ ਝੂਠ ਬੋਲਦੇ ਹਨ। ਪਰ ਭਾਈ ਸਾਹਿਬ ਇਹੋ ਕਹੀ ਜਾਣ ਕਿ "ਅਸੀਂ ਕਦੀ ਇਕੱਲੇ ਰਹਿੰਦੇ ਹੀ ਨਹੀਂ।" ਆਖ਼ਰ ਉਹਨਾਂ ਨੂੰ ਪੁਛਿਆ ਗਿਆ, "ਫਿਰ ਤੁਹਾਡੇ ਨਾਲ ਕਾਲ-ਕੋਠੜੀ ਵਿਚ ਕੌਣ ਰਹਿੰਦਾ ਹੈ ?" ਤਾਂ ਆਪ ਨੇ ਉਤਰ ਦਿਤਾ, "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥" ਅਤੇ ਪੂਰਾ ਸ਼ਬਦ ਉਚੀ ਉਚੀ ਕੀਰਤਨ ਕਰ ਕੇ ਸੁਣਾਇਆ। ਪਾਦਰੀ ਬੜਾ ਪ੍ਰਭਾਵਿਤ ਹੋਇਆ। ਉਸ ਨੇ ਭੀ ਨਾਲ ਦੀ ਕੋਠੜੀ ਵਿਚ ਕੁਝ ਦੇਰ ਲਈ ਬੰਦ ਰਹਿ ਕੇ ਆਪ ਅਜ਼ਮਾਉਣ ਦੀ ਇਛਾ ਪਰਗਟ ਕੀਤੀ ਤਾਂਕਿ ਦੇਖੇ ਕਿ ਕੀ ਉਸ ਦਾ ਈਸਾ (ਗੁਰੂ) ਕਾਲ-ਕੋਠੜੀ ਵਿਚ ਉਸਦੇ ਸੰਗ ਸਾਥ ਰਹਿਣ ਲਈ ਆਉਂਦਾ ਹੈ ਕਿ ਨਹੀਂ। ਅੱਧੇ ਘੰਟੇ ਪਿਛੋਂ ਹੀ ਉਹ ਚਾਂਘਰਾਂ ਮਾਰਨ ਲਗ ਪਿਆ ਤੇ ਹਾਲ ਦੁਹਾਈ ਪਾ ਦਿਤੀ, "ਮੈਨੂੰ ਛੇਤੀ ਬਾਹਰ ਕਢੋ।" ਉਸ ਵਿਚਾਰੇ ਨੂੰ ਕੀ ਪਤਾ ਕਿ ਗੁਰੂ ਨੇ ਸਿਖਾਂ ਨੂੰ ਚੜ੍ਹਦੀ ਕਲਾ ਦਾ ਐਸਾ ਨੁਸਖ਼ਾ ਦੇ ਰਖਿਆ ਹੈ ਜਿਸ ਦੇ ਸੇਵਨ ਕੀਤਿਆਂ ਉਹ ਸਦਾ ਗੁਰੂ ਦੀ ਹਜ਼ੂਰੀ ਅੰਤਰ ਆਤਮੇ ਮਹਿਸੂਸ ਕਰਦੇ ਹਨ। ਗੁਰੂ ਹਰ ਥਾਂ, ਹਰ ਸਮੇਂ ਸਿਖ ਦੇ ਅੰਗ ਸੰਗ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀ ਰਾਗ ਕੀ ਵਾਰ ਵਿਚ ਸੰਕੇਤ ਕਰਦੇ ਹੋਏ ਫੁਰਮਾਂਦੇ ਹਨ :—

ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥
ਦੀਦਾਰੁ ਪੂਰੇ ਪਾਇਸਾ, ਥਾਉ ਨਹੀ ਖਾਇਕਾਂ ॥੨॥੨॥

[ਵਾਰ ਸਿਰੀਰਾਗ, ਮ: ੧ ਪੰਨਾ ੮੩

ਸਿਦਕੀਆਂ ਪਾਸ ਸਿਦਕ ਅਤੇ ਸਬਰ ਹੁੰਦਾ ਹੈ, ਜੋ ਦੇਵਤਿਆਂ ਦੇ ਮਾਨਣ ਜੋਗ ਵਸਤੂਆਂ ਹਨ, ਇਸ ਲਈ ਸਿਦਕੀਆਂ ਨੂੰ ਪ੍ਰਭੂ ਪ੍ਰੀਤਮ ਦੇ ਹਰ ਸਮੇਂ ਦੀਦਾਰ ਹੁੰਦੇ ਰਹਿੰਦੇ ਹਨ। ਪਰ ਜੋ ਬੇਸਿਦਕੇ ਹਨ, ਉਹਨਾਂ ਨੂੰ ਦੀਦਾਰ ਦੀ ਗੱਲ ਦੀ ਸਮਝ ਹੀ ਨਹੀਂ ਆਉਂਦੀ ਅਤੇ ਨਾ ਹੀ ਲੋਕ-ਪਰਲੋਕ ਵਿਚ ਜਾਂ ਆਤਮਕ ਮੰਡਲਾਂ ਵਿਚ ਉਹਨਾਂ ਨੂੰ ਥਾਉਂ ਮਿਲਦੀ ਹੈ।

ਚੜ੍ਹਦੀ-ਕਲਾ ਦੀ ਅਵਸਥਾ ਨੂੰ ਬੜੇ ਰਹੱਸਮਈ ਸੰਕੇਤਾਂ ਨਾਲ ਗੁਰਬਾਣੀ ਵਿਚ ਵਰਨਿਆ ਗਿਆ ਹੈ। ਵਡਹੰਸ ਕੀ ਵਾਰ ਮ: ੪ ਦੀ ਪਉੜੀ ਨੰ: ੫ ਵਿਚ ਸ੍ਰੀ ਗੁਰੂ ਰਾਮ ਦਾਸ ਜੀ, ਸਤਿਗੁਰੂ ਜੀ ਨੂੰ ਆਪਣੇ ਅੰਗ ਸੰਗ ਦੇਖਣ ਦੀ ਇਉਂ ਪ੍ਰੋੜ੍ਹਤਾ ਕਰਦੇ ਹਨ :—

(ੳ) ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ, ਜਿਥੈ ਕਿਥੈ ਮੈਨੋ ਲਏ ਛਡਾਈ ॥
ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥੫॥

[ਵਡਹੰਸ ਕੀ ਵਾਰ ਮ: ੪, ਪੰਨਾ ੫੮੮]

(ਅ) ਸਾਜਨੜਾ ਮੇਰਾ ਸਾਜਨੜਾ, ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥
ਜਾਨੀਅੜਾ ਹਰਿ ਜਾਨੀਅੜਾ, ਨੈਣ ਅਲੋਇਆ ਹਰਿ ਜਾਨੀਅੜਾ ॥
ਨੈਣ ਅਲੋਇਆ ਘਟਿ ਘਟਿ ਸੋਇਆ, ਅਤਿ ਅੰਮ੍ਰਿਤ ਪ੍ਰਿਅ ਗੂੜਾ ॥
ਨਾਲਿ ਹੋਵੰਦਾ ਲਹਿ ਨ ਸਕੰਦਾ, ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ, ਹੋਛੀ ਬਾਤਾ, ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਹੀ ਸੂਝੈ, ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥

[ਰਾਮਕਲੀ ਮ: ੫ ਛੰਤ, ਪੰਨਾ ੯੨੪]



www.AKJ.Org

ਭਾਵ, ਸਾਜਨ ਪ੍ਰੀਤਮ ਵਾਹਿਗੁਰੂ ਜੀ ਜੋਤਿ ਰੂਪ ਹੋ ਕੇ ਪਸਰ ਰਿਹਾ ਹੈ, ਉਹ ਸਦਾ ਹਰ ਪ੍ਰਾਣੀ ਦੇ ਨੇੜੇ ਹੁੰਦਾ ਹੈ। ਹਰ ਹਿਰਦੇ ਵਿਚ ਵਸਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਅਸਾਂ ਅੱਖਾਂ ਨਾਲ ਵੇਖਿਆ ਹੈ ਕਿ ਉਹ ਨੇੜੇ ਹੁੰਦਾ ਹੈ। ਉਸਦੇ ਦਰਸ਼ਨਾਂ ਵਿਚ ਅੰਮ੍ਰਿਤ ਭਰੀ ਮਿਠਾਸ ਹੈ। ਪ੍ਰਭੂ ਪ੍ਰੀਤਮ ਸਭ ਦੇ ਨਾਲ ਹੀ ਹੁੰਦਾ ਹੈ, ਪਰ ਬੇਸਿਦਕੇ ਮੂਰਖ ਨੂੰ ਪਤਾ ਨਹੀਂ ਲਗਦਾ। ਮਾਇਆ ਦੇ ਨਸ਼ੇ ਵਿਚ ਮਸਤ ਹੋ ਕੇ ਬੇਸਿਦਕੇ ਲੋਕ ਹੋਛੀਆਂ ਗੱਲਾਂ ਕਰਦੇ ਹਨ। ਇਉਂ ਮਾਇਆ ਦੇ ਭਰਮ-ਜਾਲ ਵਿਚ ਫਸਿਆਂ ਨੂੰ ਪ੍ਰਭੂ ਪ੍ਰੀਤਮ ਦੇ ਦਰਸ਼ਨ ਮਿਲਾਪ ਕਿਥੇ ? ਪੰਚਮ ਸਤਿਗੁਰੂ ਅੰਤਲੀ ਤੁਕ ਵਿਚ ਫੈਸਲਾ ਹੀ ਕਰ ਦਿੰਦੇ ਹਨ ਕਿ ਗੁਰੂ ਦੀ ਕਿਰਪਾ ਤੋਂ ਬਿਨਾ, ਪ੍ਰੀਤਮ ਸਾਜਨ ਨਾਲ ਹੁੰਦੇ ਹੋਏ ਭੀ ਪਰਤੀਤ ਨਹੀਂ ਹੁੰਦਾ, ਭਾਵੇਂ ਸਦਾ ਹੀ ਨਾਲ ਹੁੰਦੇ ਹਨ।

ਉਹ ਅਬਿਨਾਸੀ ਰਾਇਆ ॥
ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ ॥੧॥ਰਹਾਉ॥

[ਗਉੜੀ ਮ: ੫, ਪੰਨਾ ੨੦੬]

ਭਾਵ—ਉਹ ਅਬਿਨਾਸ ਨਿਰਭਉ ਪ੍ਰੀਤਮ ਸਦਾ ਤੁਹਾਡੇ ਸੰਗ ਸਾਥ ਹੁੰਦੇ ਹਨ, ਫਿਰ ਤੁਹਾਨੂੰ ਡਰ ਕਿਉਂ ਲਗੀ ਜਾਂਦਾ ਹੈ।

ਜੇ ਗੁਰਬਾਣੀ ਚੜ੍ਹਦੀ ਕਲਾ ਦੇ ਗੁਪਤ ਸੰਦੇਸ਼ ਸਿਖ ਨੂੰ ਦਿੰਦੀ ਹੈ ਤਾਂ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਸਤਿਗੁਰੂ ਸਾਹਿਬਾਨ ਆਪ ਸਦਾ ਚੜ੍ਹਦੀ ਕਲਾ ਵਿਚ ਵਿਚਰਦੇ ਸਨ। ਅਜੋਕੇ ਦੇਹਧਾਰੀਆਂ ਦੀ ਚੜ੍ਹਦੀ ਕਲਾ ਸਦਾ ਸ਼ੰਕੇ ਵਿਚ ਹੀ ਰਹਿੰਦੀ ਹੈ। ਜੇ ਉਹਨਾਂ ਨੂੰ ਚੜ੍ਹਦੀ ਕਲਾ ਦਾ ਗਿਆਨ ਹੋ ਜਾਏ ਤਾਂ ਉਹ ਆਪੇ ਗੁਰੂ ਬਣ ਬਣ ਨ ਬਹਿਣ। ਆਪੇ ਗੁਰੂ ਬਣਨਾ ਢਹਿੰਦੀ ਕਲਾ ਦਾ ਸੂਚਕ ਹੈ। ਜੋ ਸਿਖ ਭੀ ਆਪੂੰ ਮੱਥੇ ਟਿਕਾਉਂਦਾ ਤੇ ਡੇਰੇ ਦੇ ਸਾਧਾਂ ਵਾਂਗ ਸਿਖੀ ਸੇਵਕੀ ਬਣਾਈ ਬੈਠਾ ਹੈ, ਉਸਦੀ ਚੜ੍ਹਦੀ ਕਲਾ ਕਿਥੇ ? ਸਿਖ ਹੋ ਕੇ ਫਿਰ ਗੁਰੂ ਦੀ ਬਰਾਬਰੀ ਕਰੇ, ਤੇ ਉਸਦਾ ਸ਼ਰੀਕ ਬਣੇ, ਢਹਿੰਦੀ ਕਲਾ ਤਾਂ ਹੋ ਸਕਦੀ ਹੈ, ਚੜ੍ਹਦੀ ਕਲਾ ਨਹੀਂ। ਚੜ੍ਹਦੀ ਕਲਾ ਵਿਚ ਆਪੇ ਦਾ ਅਰਪਣ ਹੈ, ਆਪੇ ਦਾ ਮਿਟਾਉਣਾ ਤਾਂ ਹੈ, ਪਰ ਉਸ ਵਿਚ ਆਪੇ ਦਾ ਪ੍ਰਗਟਾਉਣਾ ਜਾਂ (Self Assertion) ਬਢਾਉਣਾ ਨਹੀਂ। ਚੜ੍ਹਦੀ ਕਲਾ ਵਿਚ ਆਪਾ ਖ਼ਤਮ ਹੋ ਜਾਂਦੈ। 'ਤੂੰ ਹੀ' 'ਤੂੰ ਹੀ' ਦਾ ਮਧੁਰ ਅਲਾਪ ਕੰਨੀਂ ਗੂੰਜਦਾ ਹੈ। ਪਰ ਢਹਿੰਦੀ-ਕਲਾ ਵਿਚ ਅਲਾਪ ਦੀ ਧੁਨੀ "ਮੈਂ ਹੀ ਮੈਂ, ਮੈਂ ਹੀ ਮੈਂ" ਹੁੰਦੀ ਹੈ। ਇਸ 'ਮੈਂ—ਮੇਰੀ" ਦੀ ਧੁਨੀ ਵਿਚ ਜੋ ਆਪਣੀ ਜਾਚੇ ਵਿਗਸਦਾ ਹੈ, ਜਿਵੇਂ ਅਸਾਂ ਬਹੁਤਿਆਂ ਦਾ ਸੁਭਾਅ ਹੈ, ਉਹ ਅਜੇ ਚੜ੍ਹਦੀ ਕਲਾ ਤੋਂ ਬਹੁਤ ਦੂਰ ਹੈ। ਅਜੋਕਾ ਸਿਖ ਮੈਂ-ਮੇਰੀ ਦੇ ਰਾਗ ਵਿਚ ਆਪਣੇ ਆਪ ਨੂੰ ਪ੍ਰਸੰਨ-ਚਿਤ ਮਹਿਸੂਸ ਕਰਦਾ ਹੈ। "ਮੇਰੇ ਕਾਰਖ਼ਾਨੇ ਦੀ, ਮੇਰੇ ਕਾਰੋਬਾਰ ਦੀ, ਮੇਰੇ ਬੱਚਿਆਂ ਦੀ ਸੱਚੇ ਪਾਤਸ਼ਾਹ ਹਰ ਪ੍ਰਕਾਰ ਰਖਿਆ ਕਰੋ ਜੀ।" "ਮੈਂ ਵੱਡਾ ਅਫ਼ਸਰ ਬਣਾਂ, ਮੈਂ ਦੁਨੀਆਵੀ ਮਾਣ ਪ੍ਰਾਪਤ ਕਰਾਂ, ਮੈਂ ਸਭ ਪਾਸੋਂ ਆਪਣੇ ਸੋਹਲੇ ਸੁਣਾਂ।" ਸਿਖ ਦੀ ਅਜ ਇਹ ਅਰਦਾਸ ਹੈ। ਗੁਰੂ ਪਾਤਸ਼ਾਹ ਤਾਂ ਮੋਤੀਆਂ ਨਾਲ ਸੱਜੇ ਹੋਏ ਮੰਦਰ, ਮਹਿਲ ਮਾੜੀਆਂ ਦੇ ਸੁਖ ਆਰਾਮ, ਜੋਗੀਆਂ ਦੀਆਂ ਸਿਧੀਆਂ, ਰਾਜ ਸੱਤਾ ਦੀਆਂ ਸ਼ਕਤੀਆਂ ਇਸ ਲਈ ਠੁਕਰਾਉਂਦੇ ਹਨ ਕਿ ਕਿਤੇ ਸਾਨੂੰ ਵਾਹਿਗੁਰੂ ਜੀ ਦਾ ਨਾਮ ਭੁਲ ਨਾ ਜਾਵੇ। ਜੇ ਨਾਮ ਵਿਸਰ ਗਿਆ ਤਾਂ ਚੜ੍ਹਦੀ ਕਲਾ ਤੋਂ ਟੁਟ ਜਾਈਦਾ ਹੈ। ਪਰ ਇਸਦੇ ਉਲਟ ਅਜ ਸਿਖ ਮਹਿਲ ਮਾੜੀਆਂ, ਤੇ ਰਾਜਸੀ ਸੱਤਾ ਲਈ ਜੋ ਘੋਲ ਕਰ ਰਿਹਾ ਹੈ ਉਸ ਤੋਂ ਲਗਦਾ ਹੈ ਕਿ ਉਸ ਦਾ ਨਿਸ਼ਾਨਾ ਚੜ੍ਹਦੀ-ਕਲਾ ਨਹੀਂ। ਪੁਛੇ ਤੇ ਭਾਵੇਂ ਉਤੋਂ ਉਤੋਂ ਉਹ ਜ਼ਰੂਰ ਕਹਿ ਦਿੰਦਾ ਹੈ ਚੜ੍ਹਦੀ ਕਲਾ ਹੈ, ਪਰ ਅੰਦਰੋਂ ਉਹ ਡਾਵਾਂਡੋਲ ਹੋਇਆ ਹੋਇਆ ਹੁੰਦਾ ਹੈ। ਸਤਿਗੁਰੂ ਸਾਹਿਬਾਨ ਦੀ ਚੜ੍ਹਦੀ ਕਲਾ ਸਾਡੇ ਲਈ ਸਭ ਤੋਂ ਵਧੀਆ ਮਿਆਰ ਹੈ। ਹਰ ਸਿਖ ਆਪਣੀ ਚੜ੍ਹਦੀ ਕਲਾ ਨੂੰ ਉਸ ਨਾਲ ਹੀ ਨਾਪੇ। ਨਾਪਣ ਲਈ ਗੁਰਬਾਣੀ ਬਹੁਤ ਸਹਾਇਤਾ ਕਰਦੀ ਹੈ, ਠੀਕ ਸੇਧ ਦਿੰਦੀ ਹੈ, ਇਸ ਵਿਚੋਂ ਚੜ੍ਹਦੀ ਕਲਾ ਲਈ ਟੁੰਭ ਮਿਲਦੀ ਹੈ :—



www.AKJ.Org

ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥
ਠਾਕੁਰ ਨਾਮੁ ਕੀਓ ਉਨਿ ਵਰਤਨਿ ॥ ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥੧॥
[ਗਉੜੀ ਮ: ੫ ਗੁਆਰੇਰੀ, ਪੰਨਾ ੧੮੧]

ਇਥੇ ਚੜ੍ਹਦੀ ਕਲਾ ਵਾਲੇ ਦੀ ਦਸ਼ਾ ਵਲ ਸੰਕੇਤ ਹੈ, ਕਿਵੇਂ ਉਹ ਰਾਤ ਦਿਨ ਨਾਮ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ ਤੇ ਪ੍ਰਭੂ ਪ੍ਰੀਤਮ ਦੀ ਹਜ਼ੂਰੀ ਦਾ ਅਨੁਭਵ ਕਰਦਾ ਹੈ। ਇੰਜ ਸਿਖ ਨੂੰ 'ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ'' (੮੧੯) ਅਨੁਭਵ ਹੁੰਦਾ ਹੈ ਤੇ ਦੁਖ ਤਾਂ ਕੀ, ਜਮ ਭੀ ਨੇੜੇ ਨਹੀਂ ਆਉਂਦਾ।

ਊਠਤ ਸੋਵਤ ਹਰਿ ਸੰਗਿ ਪਹਰੂਆ ॥
ਜਾ ਕੈ ਸਿਮਰਣਿ ਜਮ ਨਹੀ ਡਰੂਆ ॥੧॥ਰਹਾਉ॥ [ਗਉੜੀ ਮ: ੫–੧੯੬]

ਜੇ ਸਾਨੂੰ ਊਠਤ ਸੋਵਤ ਹਰੀ ਦੇ ਸੰਗ ਦਾ ਅਨੁਭਵ ਨਹੀਂ ਹੁੰਦਾ ਤਾਂ ਉਸ ਦੇ ਪਹਿਰੇਦਾਰ ਹੋਣ ਦਾ ਭੀ ਸਾਨੂੰ ਅਜੇ ਤਜਰਬਾ ਨਹੀਂ ਹੋ ਸਕਦਾ। ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੀ ਫੌਜੀ ਨੌਕਰੀ ਦੌਰਾਨ ਇਕ ਸਮੇਂ ਰਾਤ ਨੂੰ ਪਹਿਰੇ ਦੀ ਡਿਊਟੀ ਸੀ ਤਾਂ ਇਕ ਰਾਤ, ਡਿਊਟੀ ਸਮੇਂ ਅੰਮ੍ਰਿਤ ਵੇਲੇ ਨਾਮ-ਅਭਿਆਸ ਵਿਚ ਸੁਰਤਿ ਟਿਕ ਗਈ, ਪਹਿਰੇ ਤੇ ਹਾਜ਼ਰ ਨ ਹੋ ਸਕੇ। ਪ੍ਰਭੂ-ਪ੍ਰੀਤਮ ਨੇ ਆਪਣੇ ਸੇਵਕ ਦੀ ਲਾਜ ਰਖੀ ਅਤੇ "ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ।" (੪੦੩) ਦੇ ਗੁਰ ਫਰਮਾਣ ਅਨੁਸਾਰ ਉਹਨਾਂ ਦੇ ਰੂਪ ਵਿਚ ਆਪ ਪਹਿਰਾ ਦਿਤਾ। ਇਸ ਘਟਨਾ ਨੇ ਸੰਤ ਜੀ ਨੂੰ ਨੌਕਰੀ ਛਡ ਦੇਣ ਲਈ ਮਜਬੂਰ ਕੀਤਾ ਕਿ ਮੈਂ ਆਪਣੇ ਪ੍ਰੀਤਮ ਨੂੰ ਸਿਪਾਹੀ ਦੀ ਵਰਦੀ ਪੁਆਈ ਤੇ ਗੋਰੇ ਅਫ਼ਸਰ ਨੂੰ ਸਲਾਮ ਕਰਨ ਦੀ ਖੇਚਲ ਦਿਤੀ। ਅਫ਼ਸਰਾਂ ਨੇ ਬਥੇਰਾ ਸਮਝਾਇਆ, ਪਰ ਆਪ ਨੇ ਮੁੜ ਕੇ ਵਿਡਾਣੀ ਨੌਕਰੀ ਨਹੀਂ ਕੀਤੀ। ਫਿਰ ਨੌਕਰੀ ਕੀਤੀ ਤਾਂ ਕੇਵਲ ਸੱਚੇ ਸ਼ਾਹ ਦੀ ਹੀ ਕੀਤੀ। ਇਹ ਹੈ ਚੜ੍ਹਦੀ ਕਲਾ ਵਾਲੇ ਜੀਵਨ ਦੀ ਘਟਨਾ।

ਇਹੋ ਜਿਹੇ ਬ੍ਰਿਤਾਂਤ ਕਈ ਸਿਖ ਸੰਤਾਂ ਭਗਤਾਂ ਨਾਲ ਵਾਪਰਦੇ ਹਨ। ਸਤਿਗੁਰੂ ਆਪ ਉਹਨਾਂ ਦੇ ਪਹਿਰੇਦਾਰ ਬਣ ਕੇ ਪਹਿਰਾ ਦਿੰਦਾ ਹੈ। ਆਮ ਸੰਸਾਰੀ ਲੋਕਾਂ ਲਈ ਇਹ ਅਜੀਬ ਗੱਲਾਂ ਹਨ, ਪਰ ਸਿਖ ਸੇਵਕਾਂ ਲਈ ਸਾਧਾਰਨ। ਖਾਲਸਾ ਜੀ ਨੇ ਇਸ ਕ੍ਰਿਸ਼ਮੇ ਦੀ ਸੇਧ ਵਿਚ ਇਸੇ ਲਈ ਨਿਤ ਦੀ ਅਰਦਾਸ ਵਿਚ ਇਹ ਬੇਨਤੀ ਸ਼ਾਮਲ ਕੀਤੀ–"ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ।"

ਪੁਰਾਤਨ ਗੁਰਸਿਖ ਸਤਿਗੁਰੂ ਜੀ ਅਗੇ ਰੱਖਿਆ ਅਤੇ ਰਿਆਇਤ ਦੀ ਬੇਨਤੀ ਕਰਦੇ ਸਨ। ਅਤੇ ਸਤਿਗੁਰੂ ਜੀ ਖਾਲਸੇ ਦੇ ਸਦਾ ਹੀ ਅੰਗ ਸੰਗ ਰਹੇ ਹਨ। ਹੁਣ ਭੀ ਅੰਗ ਸੰਗ ਹਨ। ਪਰ ਹੁਣ ਖਾਲਸਾ ਜੀ ਮਾਨਸਿਕ ਤੌਰ ਤੇ ਨਾਮ ਤੋਂ ਟੁਟ ਚੁਕਾ ਹੈ, ਇਸ ਲਈ ਸਤਿਗੁਰੂ ਜੀ ਭੀ ਦੂਰ ਦੂਰ ਜਾਪਦੇ ਹਨ। ਮੌਜੂਦਾ ਸੰਕਟ ਤੋਂ ਪਿਛੋਂ ਸਮੁਚੀ ਕੌਮ ਝੁੰਝਲਾ ਗਈ ਹੈ, ਬੌਂਦਲ ਗਈ ਹੈ। ਪਰ ਦੂਸਰੇ ਘਲੂਘਾਰੇ ਸਮੇਂ ਸਿੰਘ ਘਬਰਾਏ ਨਹੀਂ ਸਨ, ਸਗੋਂ ਸ਼ੁਕਰ ਵਿਚ ਰਹੇ, ਅਡੋਲ ਰਹੇ। ਆਪਣੀ ਸ਼ਕਤੀ ਨੂੰ ਮੁੜ ਕੇ ਲਾਮਬੰਦ ਕੀਤਾ ਤੇ ਆਖ਼ਰ ਜ਼ਾਲਮਾਂ ਤੇ ਵਿਜੈ ਪਾਈ। ਖਾਲਸਾ ਸੁਤੰਤਰ ਹੋਇਆ ਨਾਮ ਜਪ ਕੇ, ਖਾਲਸੇ ਦਾ ਬੋਲ ਬਾਲਾ ਹੋਇਆ ਚੜ੍ਹਦੀ ਕਲਾ ਸਦਕਾ। ਅੱਜ ਕਲ੍ਹ ਤਾਂ ਫੋਕੀਆਂ ਗੱਲਾਂ ਰਹਿ ਗਈਆਂ। ਕਦੀ ਸਰਕਾਰਾਂ ਪਾਸੋਂ ਮੰਗਾਂ ਮੰਨਵਾ ਕੇ ਵੀ ਖਾਲਸਾ ਜੀ ਦਾ ਬੋਲ ਬਾਲਾ ਹੋ ਸਕਦਾ ਹੈ ? ਬੋਲ ਬਾਲਾ ਆਵੇਗਾ ਨਾਮ ਦੇ ਬਿਸਮਾਦੀ ਰੰਗਾਂ ਨਾਲ। ਏਕਤਾ ਆਵੇਗੀ ਹਜ਼ੂਰੀ ਦੇ ਅਹਿਸਾਸ ਨਾਲ। ਅਜ ਖਾਲਸਾ ਜੀ ਅੰਦਰ ਪਾਲੇਟਿਕਸ ਦਾ ਬੋਲ ਬਾਲਾ ਹੈ, ਪਰ ਆਤਮਕ ਪੱਖ ਤੋਂ ਖਾਲਸਾ ਜੀ ਦਾ ਬੰਬ ਬੋਲਿਆ ਪਿਆ ਹੈ। ਸਾਡੇ ਸਤਸੰਗ ਦੀਵਾਨਾਂ ਵਿਚ ਮਿਲ ਕੇ ਸਾਡੀ ਹਾਜ਼ਰੀ ਭਰਨੀ, ਨਾਮ ਬਾਣੀ ਦਾ ਪਰਵਾਹ, ਸਭ ਮਧਮ ਪੈ ਗਏ ਹਨ। ਜੇ ਚੜ੍ਹਦੀ ਕਲਾ ਲੋੜਦੇ ਹਾਂ ਤਾਂ ਬਾਣੀ ਵਿਚੋਂ ਉਹ ਅੰਸ਼ ਲਭੀਏ, ਉਹ ਨੁਸਖ਼ਾ ਲਭੀਏ ਜੋ ਚੜ੍ਹਦੀ ਕਲਾ ਪਰਦਾਨ ਕਰਦਾ ਹੈ।

ਚੜ੍ਹਦੀ ਕਲਾ ਦਾ ਚੌਥਾ ਚਰਨ ਹੈ ਹੁਕਮ ਰਜ਼ਾ ਵਿਚ ਰਹਿਣਾ। ਸਿਖ ਧਰਮ ਪ੍ਰੇਮਾ ਭਗਤੀ ਮਾਰਗ ਹੈ।


www.AKJ.Org

ਇਸ ਵਿਚ ਨਾਮ ਜਪਣਾ ਜਿਥੇ ਜ਼ਰੂਰੀ ਅੰਗ ਹੈ ਉਥੇ ਵਾਹਿਗੁਰੂ ਜੀ ਦੀ ਰਜ਼ਾ ਵਿਚ ਚਲਣਾ ਭੀ ਉਤਨਾ ਹੀ ਜ਼ਰੂਰੀ ਹੈ। ਵਾਹਿਗੁਰੂ ਜੀ ਦੀ ਰਜ਼ਾ ਨੂੰ ਟਾਲਣਾ ਬ੍ਰਾਹਮਣ-ਪੰਥ ਦਾ ਚਿਰ-ਪੁਰਾਣਾ ਰਿਵਾਜ ਬਣਿਆ ਹੋਇਆ ਹੈ। ਔਕੜ ਆ ਜਾਣ ਤੇ ਟੂਣੇ ਤਵੀਤ ਕਰਨੇ, ਗ੍ਰਹਿਆਂ ਦੀ ਪੂਜਾ ਕਰ ਕੇ ਮੁਸੀਬਤ ਟਾਲਣ ਦਾ ਉਪਾਅ ਕਰਨਾ ਰਜ਼ਾ ਤੋਂ ਟਲਣਾ ਹੈ। ਜੋ ਰਜ਼ਾ ਤੋਂ ਆਕੀ ਹੋਵੇ ਜਾਂ ਟਾਲ-ਮ-ਟੋਲੇ ਕਰੇ, ਉਹ ਵਾਹਿਗੁਰੂ ਜੀ ਨਾਲ ਸਚਾ ਪਿਆਰ ਨਹੀਂ ਪਾ ਸਕਦਾ। ਫੁਰਮਾਨ ਹੈ—

"ਚੰਗੈ ਚੰਗਾ ਕਰਿ ਮੰਨੇ, ਮੰਦੈ ਮੰਦਾ ਹੋਇ ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥੨੧॥

[ਸਲੋਕੁ ਮ: ੨, ਆਸਾ ਕੀ ਵਾਰ, ਪੰਨਾ ੪੭੪]

ਸੱਚੀ ਪ੍ਰੀਤ ਵਿਚ ਲੇਖਾ ਨਹੀਂ ਹੁੰਦਾ। ਪਰ ਜੇ ਕੋਈ ਵਾਹਿਗੁਰੂ ਜੀ ਨਾਲ ਇਸ ਲਈ ਪਿਆਰ ਕਰੇ ਕਿ ਉਸਦਾ ਕੰਮ ਰਾਸ ਆ ਰਿਹਾ ਹੈ, ਪਰ ਜੇ ਕੰਮ ਵਿਗੜ ਜਾਏ ਤਾਂ ਵਾਹਿਗੁਰੂ ਜੀ ਨਾਲ ਤੋੜ ਲਵੇ। ਇਸ ਨੂੰ ਸੱਚੀ ਆਸ਼ਕੀ ਨਹੀਂ ਕਹਿੰਦੇ। ਚੜ੍ਹਦੀ ਕਲਾ ਵਿਚ ਲੇਖੇ ਵਾਲੀ ਆਸ਼ਕੀ ਦਾ ਉਤਾਰ ਚੜ੍ਹਾਉ ਨਹੀਂ ਹੁੰਦਾ। ਚੜ੍ਹਦੀ ਕਲਾ ਵਿਚ ਚੜ੍ਹਾਉ ਤਾਂ ਹੁੰਦਾ ਹੈ, ਪਰ ਉਤਰਾਉ ਨਹੀਂ। ਦੁਖ ਵਿਚ ਸੁਖ ਮਨਾਉਣਾ ਇਹ ਖੇਲ ਭਾਵੇਂ ਕਠਨ ਹੈ, ਪਰ ਚੜ੍ਹਦੀ ਕਲਾ ਅੰਦਰ ਸੁਰਤਿ ਨੇ ਨਾਮ ਰੰਗ ਵਿਚ ਲੀਨ ਹੋ ਕੇ ਸਦਾ ਹੁਕਮ ਰਜ਼ਾ ਵਿਚ ਦੁਖ ਸੁਖ ਵਿਚ ਇਕ-ਸਮਾਨ ਟਿਕੇ ਰਹਿਣਾ ਹੈ।

ਪੰਚਮ ਗੁਰਦੇਵ ਜੀ (ਚੜ੍ਹਦੀ ਕਲਾ ਦੀ) ਆਗਿਆ ਮੰਨਣ ਸੰਬੰਧੀ ਕਿਵੇਂ ਸੰਕੇਤ ਦਿੰਦੇ ਹਨ :—

ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ਰਹਾਉ॥
ਆਗਿਆ ਮਾਨਿ ਜਾਨਿ ਸੁਖੁ ਪਾਇਆ, ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥
ਈਹਾ ਊਹਾ ਹਰਿ ਤੁਮਹੀ ਤੁਮਹੀ, ਇਹੁ ਗੁਰ ਤੇ ਮੰਤ੍ਰ ਦ੍ਰਿੜੀਓ ॥੧॥
ਜਬ ਤੇ ਜਾਨਿ ਪਾਈ ਏਹ ਬਾਤਾ, ਤਬ ਕੁਸਲ ਖੇਮ ਸਭ ਥੀਓ ॥
ਸਾਧ ਸੰਗਿ ਨਾਨਕ ਪਰਗਾਸਿਓ, ਆਨ ਨਾਹੀ ਰੇ ਬੀਉ ॥੨॥੧॥੨॥

[ਨਟ ਨਾਰਾਇਨ ਮ: ੫ ਦੁਪਦੇ, ੯੭੮]

ਇਉਂ ਗੁਰਬਾਣੀ ਸਿਖ ਨੂੰ ਸੇਧ ਦੇ ਰਹੀ ਹੈ ਕਿ ਵਾਹਿਗੁਰੂ ਜੀ ਲੋਕ ਪਰਲੋਕ ਵਿਚ ਸਭ ਥਾਈਂ ਪ੍ਰਕਾਸ਼ਮਾਨ ਹਨ ਅਤੇ ਸਿਖ ਨੇ ਉਲਾਹਨੇ ਦੇਣ ਦੇ ਬਜਾਏ, ਆਗਿਆ ਮਿੱਠੀ ਕਰਕੇ ਸਿਰ ਮੱਥੇ ਤੇ ਮੰਨਣੀ ਹੈ। ਸਿਖ ਅਰਦਾਸ ਵਿਚ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਤੋਂ ਲੈ ਕੇ ਸ਼ਹੀਦ ਸਿੰਘ-ਸਿੰਘਣੀਆਂ ਦੀ ਕੁਰਬਾਨੀ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੇ ਸਤਿਗੁਰੂ ਜੀ ਵਲੋਂ ਵਰਤਾਏ ਗਏ ਕਰੜੇ ਭਾਣਿਆਂ ਨੂੰ ਮਿੱਠਾ ਮਿੱਠਾ ਕਰਕੇ ਮੰਨਿਆ, ਤੇ ਅਡੋਲ ਰਹੇ ਤੇ ਧਰਮ ਨਹੀਂ ਹਾਰਿਆ।

ਇਹ ਚੜ੍ਹਦੀ ਕਲਾ ਸੀ, ਜਿਸ ਨੇ ਖਾਲਸਾ ਪੰਥ ਨੂੰ ਅਣਖ ਬਖਸ਼ੀ, ਪਰਉਪਕਾਰ ਲਈ ਘੋਲ ਕਰਨਾ ਸਿਖਾਇਆ, ਜ਼ੁਲਮ ਦਾ ਡਟ ਕੇ ਮੁਕਾਬਲਾ ਕਰਨਾ ਸਿਖਾਇਆ। ਮੁਕਦੀ ਗੱਲ ਇਹੋ ਹੈ ਕਿ ਜੋ ਨਾਮ ਜਪਦਾ ਹੈ ਉਸਨੂੰ ਵਾਹਿਗੁਰੂ ਜੀ ਸਦਾ ਅੰਗ ਸੰਗ ਦਿਸਣ ਲਗ ਪੈਂਦੇ ਹਨ, ਵਾਹਿਗੁਰੂ ਜੀ ਦੇ ਪਰਤੱਖ ਦਰਸ਼ਨ ਦੀਦਾਰੇ ਕਰ ਕੇ ਉਸਦਾ ਮਨ ਜਗਤ-ਤਮਾਸ਼ੇ ਵਿਚ ਡੋਲਦਾ ਨਹੀਂ। ਹੁਕਮ ਰਜ਼ਾ ਵਿਚ ਰਹਿ ਕੇ ਸਦਾ ਖੇੜੇ ਦਾ ਅਨੰਦ ਮਾਣਨਾ, ਇਹ ਹੈ ਖਾਲਸੇ ਦੀ ਚੜ੍ਹਦੀ ਕਲਾ, ਜਿਸ ਦੇ ਤੁਫ਼ੈਲ ਖਾਲਸੇ ਦਾ ਇਸ ਸੰਸਾਰ ਵਿਚ ਬੋਲ ਬਾਲਾ ਰਿਹਾ ਹੈ। ਤੇ ਹੁਣ ਭੀ ਹੋ ਸਕਦਾ ਹੈ ਜੇਕਰ ਖਾਲਸਾ ਚੜ੍ਹਦੀ ਕਲਾ ਦੇ ਉਪਰੋਕਤ ਚਾਰੇ ਚਰਣ ਧਾਰਨ ਕਰ ਲਵੇ।

ਉਠਿ, ਇਸਨਾਨੁ ਕਰਹੁ ਪਰਭਾਤੇ, ਸੋਇ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ, ਸੁਖ ਸਹਜ ਸੇਤੀ ਘਰਿ ਜਾਤੇ ॥੩॥



www.AKJ.Org

# ਗੁਰਬਾਣੀ ਵਿਚ 'ਹਿੰਦੁਸਤਾਨ' ਸ਼ਬਦ

[ਵਲੋਂ—ਗਿਆਨੀ ਉਤਮ ਸਿੰਘ ਜੀ ਪਾਤਰ, ਇਤਿਹਾਸਕਾਰ, ਦਿੱਲੀ]

'ਇੰਡੀਅਨ ਐਕਸਪ੍ਰੈਸ' ਅਖ਼ਬਾਰ ੨੯-੭-੮੫, ਦੇ ਸਤਵੇਂ ਸਫ਼ੇ ਉਤੇ, ਗਿਆਨੀ ਜ਼ੈਲ ਸਿੰਘ ਜੀ ਰਾਸ਼ਟਰਪਤੀ ਦਾ ਭਾਸ਼ਨ ਛਪਿਆ ਹੈ, ਜਿਹੜਾ ਉਹਨਾਂ ਨੇ ਮਦਰਾਸ ਵਿਚ ੨੮-੭-੮੫ ਨੂੰ ਦਿਤਾ ਸੀ।

ਗਿਆਨੀ ਜੀ ਨੇ ਫ਼ੁਰਮਾਇਆ, ''ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਵੇਰ 'ਹਿੰਦੁਸਤਾਨ' ਸ਼ਬਦ ਵਰਤਿਆ ਹੈ, ਪਰ ਪੰਜਾਬ ਦਾ ਨਾਮ ਕਿਤੇ ਨਹੀਂ ਲਿਖਿਆ!''

ਆਪ ਜੀ ਨੇ ਉਹ ਪੰਕਤੀਆਂ, ਜਿਨ੍ਹਾਂ ਵਿਚ ਇਹ ਸ਼ਬਦ ਵਰਤਿਆ ਹੈ, ਨਹੀਂ ਦਸੀਆਂ। ਆਪ ਬਾਣੀ ਦੇ ਖੋਜੀ ਅਤੇ ਵਿਦਵਾਨ ਹਨ, ਪਰ ਆਪ ਨੇ ਨਾ ਹੀ ਅਸਥਾਨ, ਨਾ ਸਮਾ ਤੇ ਨਾ ਹੀ ਇਹਨਾਂ ਦਾ ਮਤਲਬ ਦਸਿਆ ਹੈ।

ਬਾਣੀ ਦੀਆਂ ਰਮਜ਼ਾਂ ਆਮ ਨਾ ਸਮਝਣ ਵਾਲੇ ਲੋਕ, ਪਤਾ ਨਹੀਂ ਇਸ ਤਕਰੀਰ ਤੋਂ ਕੀ ਅਨੁਮਾਨ ਲਗਾ ਲੈਣ, ਇਸ ਲਈ ਇਸ ਵਿਸ਼ੇ ਤੇ ਵੀਚਾਰ ਸਾਂਝੇ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਹੈ।

(੧) ਪਹਿਲੀ ਗੱਲ ਇਹ ਹੈ ਕਿ ਜਿਸ ਨਗਰ (ਐਮਨਾਬਾਦ) ਵਿਚ ਇਸ ਸ਼ਬਦ ਦਾ ਬਾਣੀ ਵਿਚ ਉਚਾਰਨ ਹੋਇਆ, ਉਹ ਸਾਰਾ ਇਲਾਕਾ ਇਸ ਵੇਲੇ ਦੇ ਹਿੰਦੁਸਤਾਨ ਨਾਲੋਂ ਕਟਿਆ ਹੋਇਆ ਹੈ ਤੇ ਇਕ ਵਖਰਾ ਦੇਸ਼ ਬਣ ਚੁਕਾ ਹੈ। ਫਿਰ ਇਸ ਸ਼ਬਦ ਦਾ ਸੰਬੰਧ, ਉਸ ਸਮੇਂ ਦੇ ਨਿਰਦੋਸ਼ ਜੀਵਾਂ ਉਤੇ ਹੋ ਰਹੇ ਕਹਿਰਾਂ ਵਾਲੀ ਤਵਾਰੀਖ ਨਾਲ ਹੈ। ਇਕ ਵਿਚ ਬਾਬਰ ਦੇ ਹਮਲੇ ਤੋਂ ਪਹਿਲਾਂ ਦੇ ਅਤਿਆਚਾਰਾਂ ਨੂੰ ਤੇ ਦੂਜੇ ਵਿਚ ਉਸਦੇ ਆਕਰਮਣ ਤੋਂ ਕੁਰਲਾ ਰਹੀ ਮਾਸੂਮ ਜਨਤਾ ਦੀ ਵੇਦਨਾ ਨੂੰ ਦਰਸਾਇਆ ਗਿਆ ਹੈ।

ਗੁਰੂ ਬਾਬਾ ਜੀ ਦੇ ਕਥਨ ਅਨੁਸਾਰ ਇਹ ਬਾਣੀ ਧੁਰੋਂ ਆਈ ਸੀ:—

''ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥''

[ਤਿਲੰਗ ਮ: ੧—੭੨੨]

---

ਹਰਿ ਆਪੇ ਖੇਲੈ ਹਰਿ ਆਪੇ ਦੇਖੈ, ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੯॥

[ਬਸੰਤ ਮ: ੫ ਹਿੰਡੋਲ, ਪੰਨਾ ੧੧੮੫]

ਚੜ੍ਹਦੀ ਕਲਾ ਦੀ ਅਵਸਥਾ ਦਾ ਸਿਖਰਲਾ ਸੰਕੇਤ ਮਿਲਦਾ ਹੈ ਕਿ ਸਿਖ ਸਾਈਂ ਨਾਮ ਜਪਦਿਆਂ ਜਪਦਿਆਂ ਉਸ ਦੇ ਭਰੋਸੇ ਵਿਚ ਲਾਡ ਲਡਾਉਂਦਾ ਹੈ। ਇਹ ਅਵਸਥਾ ਸੰਸਾਰ ਦੀ ਜਾਚੇ ਬੇਪਰਵਾਹੀ ਦੀ ਅਵਸਥਾ ਹੈ :—

ਰੰਗਿ ਹਸਹਿ ਰੰਗਿ ਰੋਵਹਿ, ਚੁਪ ਭੀ ਕਰਿ ਜਾਹਿ॥
ਪਰਵਾਹ ਨਾਹੀ ਕਿਸੈ ਕੇਰੀ, ਬਾਝੁ ਸਚੇ ਨਾਹ ॥੨॥੨੦॥

[ਮ: ੧, ਆਸਾ ਕੀ ਵਾਰ, ਪੰਨਾ ੪੭੩]

ਉਹ ਇਸ ਕਦਰ ਬੇਪਰਵਾਹ ਹੋ ਜਾਂਦੇ ਹਨ ਕਿ ਉਹਨਾਂ ਨੂੰ ਰਾਜੇ ਜਾਂ ਕਿਸੇ ਅਮੀਰੜੇ ਦੇ ਆਇਆਂ ਤੇ ਕਿਸੇ ਕਿਸਮ ਦਾ ਮਾਨਸਿਕ ਹੁਲਾਸ ਨਹੀਂ ਹੁੰਦਾ। ਉਹ ਗਰੀਬ ਤੇ ਅਮੀਰ ਵਿਚ ਉਸ ਪ੍ਰਭੂ ਪਿਤਾ ਦੇ ਦਰਸ਼ਨ ਕਰਦੇ ਹਨ। ਗੁਰ ਹੁਕਮ :—

ਬੇਪਰਵਾਹੁ ਸਦਾ ਰੰਗਿ ਹਰਿ ਕੈ, ਜਾ ਕੋ ਪਾਖੁ ਸੁਆਮੀ ॥ਰਹਾਉ॥

[ਟੋਡੀ ਮ: ੫ ਘਰੁ ੧ ਦੁਪਦੇ, ਪੰਨਾ ੭੧੧]



www.AKJ.Org

ਏਸੇ ਸ਼ਬਦ ਵਿਚ ਹੀ ਆਪ ਜੀ ਨੇ ਭਾਈ ਲਾਲੋ ਨੂੰ ਦਸਿਆ ਕਿ 'ਘਬਰਾਓ ਨਹੀਂ, ਲੋਧੀ ਹਕੂਮਤ ਦੀਆਂ ਅਨਿਆਈਆਂ ਤੇ ਸਖ਼ਤੀਆਂ ਦੀਆਂ ਸਜ਼ਾਵਾਂ ਭੁਗਤਾਣ ਲਈ ਕਾਬਲ ਤੋਂ ਮੁਗਲ ਬਾਬਰ ਆ ਰਿਹਾ ਹੈ, ਪਰ ਉਹ ਵੀ ਕੋਈ ਧਰਮੀ ਨਹੀਂ, ਸਗੋਂ ਪਾਪੀਆਂ ਦੀ ਜੰਞ (ਫ਼ੌਜ) ਲੈ ਕੇ ਆ ਰਿਹਾ ਹੈ—''ਪਾਪ ਕੀ ਜੰਞ ਲੈ ਕਾਬਲਹੁ ਧਾਇਆ......''ਉਹ ਦੇਸ਼ ਦੀ ਇਤਨੀ ਬਰਬਾਦੀ ਕਰੇਗਾ ਜਿਸ ਨੂੰ ਭੁਲਾਇਆ ਨਹੀਂ ਜਾ ਸਕੇਗਾ।''

''ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ......'' [੭੨੩ ਪੰਨਾ]

(੨) ਮੁਗਲ ਜਰਵਾਣਿਆਂ ਦੇ ਜ਼ੁਲਮਾਂ ਨੂੰ ਤਕ ਕੇ ਗੁਰੂ ਬਾਬਾ ਜੀ ਨੇ ਹੋਰ ਸ਼ਬਦ ਵਿਚ ਨਕਸ਼ਾ ਬਿਆਨ ਕੀਤਾ ਹੈ :—

''ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥......'' [ਆਸਾ ਮ:੧—੩੬੦]

ਬਾਬਰਵਾਣੀ ਦੀ ਇਸ ਤਬਾਹੀ ਸਮੇਂ ਹਜ਼ੂਰ ਨੇ ਨਿਰੰਕਾਰ ਨੂੰ ਲੁਕਾਈ ਦੀ ਕੂਕ-ਪੁਕਾਰ ਇਉਂ ਦਸੀ—

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥ (੩੬੦)

ਲੁਟ ਮਾਰ ਤੇ ਸੁੰਦਰ ਮੁਟਿਆਰਾਂ ਦੀ ਬੇਪਤੀ ਹੁੰਦੀ ਵੇਖ ਕੇ ਅਥਵਾ ਬੇਗੁਨਾਹ ਸਾਧੂ, ਫਕੀਰ, ਭਿਖਾਰੀ ਜੇਲ੍ਹਾਂ ਵਿਚ ਡਕੇ ਹੋਏ, ਤਸੀਹੇ ਝਲਦੇ ਤਕ ਕੇ ਆਪ ਰਹਿ ਨਾ ਸਕੇ। ਇਸ ਤਬਾਹੀ ਨੂੰ ਰੋਕਣ ਖ਼ਾਤਰ ਆਪ ਖ਼ੁਦ ਬੰਦੀ ਬਣੇ। ਆਖ਼ਿਰ ਹਜ਼ੂਰ ਦੀ ਸ਼ਕਤੀ ਦੇ ਜ਼ੇਰੇ ਅਸਰ ਬਾਬਰ ਤੌਬਾ ਤੌਬਾ ਕਰਦਾ ਆਪ ਜੀ ਦੇ ਕਦਮਾਂ ਤੇ ਢਠਾ। ਆਪ ਦੇ ਹੁਕਮ ਦੀ ਤਾਅਮੀਲ ਕਰਦਿਆਂ ਸਭ ਦੀ ਬੰਦ ਖਲਾਸ ਕਰ ਦਿਤੀ।

ਮੁਗਲ ਬਾਬਰ ਬਾਬਾ ਜੀ ਦੀ ਸਿਖਿਆ ਦਾ ਕਾਇਲ ਹੋਇਆ। ਫ਼ੌਜ ਨੂੰ ਹੁਕਮ ਕੀਤਾ ਕਿ ''ਮੁਕਾਬਲੇ ਵਿਚ ਆਉਣ ਵਾਲੀਆਂ ਤਾਕਤਾਂ ਨਾਲ ਹੀ ਲੜਿਆ ਜਾਵੇ, ਬੇਦੋਸ਼ੀ ਜਨਤਾ ਨੂੰ ਨਾ ਕੋਹਿਆ ਜਾਵੇ।''

ਉਸ ਸਮੇਂ ਦੇ ਮਜ਼ਲੂਮ ਤਥਾ ਸਾਰੇ ਸੰਸਾਰੀ ਜੀਵਾਂ ਨੂੰ ਆਪ ਜੀ ਨੇ ਨਸੀਹਤ ਕੀਤੀ :—

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥...... [ਆਸਾ ਮ: ੧—੪੧੭]

ਭਾਵੇਂ ਇਹ ਸਾਰੇ ਸ਼ਬਦ ਇਤਿਹਾਸ ਨਾਲ ਸੰਬੰਧ ਰਖਦੇ ਹਨ ਪਰ ਗੁਰਮਤਿ ਦੇ ਆਸ਼ੇ ਅਨੁਸਾਰ ਸਾਰੇ ਸੰਸਾਰੀ ਜੀਵਾਂ ਲਈ ਕਲਿਆਣਕਾਰੀ ਹਨ।

ਪਰਥਾਇ ਸਾਖੀ ਮਹਾਂ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ ॥ [ਸਲੋਕ ਮ: ੩—੬੪੭]

(੩) ਜੇ ਗਿਆਨੀ ਜੀ ਦਾ ਭਾਵ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਇਲਾਕਾ-ਵਾਦ ਤੋਂ ਉਚਾ ਉਠ ਕੇ ਰਾਸ਼ਟਰਵਾਦ ਦੇ ਹਿਤ ਵਿਚ ਬੋਲੇ ਹਨ, ਤਦ ਇਸ ਨੁਕਤੇ ਤੇ ਵੀ ਵੀਚਾਰ ਕੀਤਿਆਂ ਸਿਧ ਹੁੰਦਾ ਹੈ ਕਿ ਬਾਬਾ ਜੀ ਦੇ ਸਤਯ ਮਾਰਗ ਦੇ ਪ੍ਰਚਾਰ ਦਾ ਦਾਇਰਾ ਇਤਨਾ ਵਸੀਹ ਸੀ, ਜਿਸ ਦਾ ਅੰਦਾਜ਼ਾ ਲਾਣਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ।

ਆਪ ਜੀ ਦੀ ਜੀਵਨੀ ਨੂੰ ਘੋਖਿਆਂ ਪਤਾ ਲਗਦਾ ਹੈ ਕਿ ਆਪ ਜੀ ਨੇ ਭਾਰਤ ਦੇ ਕੋਨੇ ਕੋਨੇ ਵਿਚ ਤੌਹੀਦ ਦਾ, ਏਕਤਾ ਦਾ, ਹਮਦਰਦੀ ਅਤੇ ਤਿਆਗ ਆਦਿ ਦਾ ਉਪਦੇਸ਼ ਦੇਣ ਤੋਂ ਉਪਰੰਤ, ਚਾਰੇ ਉਦਾਸੀਆਂ ਦੇ ਦੌਰਾਨ ਦੇਸ਼ ਦੀਆਂ ਸੀਮਾਂ ਨੂੰ ਟਪ ਕੇ ਹੋਰਨਾਂ ਮੁਲਕਾਂ, ਦੀਪਾਂ, ਖੰਡਾਂ, ਬ੍ਰਹਮੰਡਾਂ ਵਿਚ ਘੁੰਮ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਬਿਨਾਂ ਵਿਤਕਰੇ ਹਰ ਧਰਮ, ਹਰ ਫ਼ਿਰਕੇ, ਹਰ ਮਿਲਤ, ਹਰ ਜ਼ਾਤ ਦੇ ਲੋਕਾਂ ਨੂੰ ਪਿਆਰ ਕੀਤਾ ਤੇ ਗਿਆਨ ਬਖਸ਼ਿਆਂ, ਤਥਾ ਮਾਨਵਵਾਦ ਦਾ ਢੰਡੋਰਾ ਦਿਤਾ।

ਇਸ ਤੋਂ ਹੋਰ ਅਗੇਰੇ ਵਧੀਏ ਤਾਂ ਅਚੰਭਾ ਜਾਪਦਾ ਹੈ ਕਿ ਜ਼ਹਿਰੀਲੇ ਸੱਪ, ਜੰਡ, ਬੇਰੀਆਂ, ਰੀਠੇ, ਅੱਕ,


www.AKJ.Org

ਮਛ਼, ਤੇ ਪੱਥਰ ਵੀ ਜਗਤ ਗੁਰੂ ਦੀ ਮਿਹਰ ਦੇ ਪਾਤਰ ਬਣੇ, ਜਿਸਦੇ ਸਦਕੇ ਉਹ ਵੀ ਸਭ ਪੂਜਣ ਜੋਗ ਹੋ ਗਏ। (ਬੇਰ ਸਾਹਿਬ, ਰੀਠਾ ਸਾਹਿਬ, ਪੰਜਾ ਸਾਹਿਬ ਅਤੇ ਨਾਨਕ ਝੀਰਾ ਆਦਿ)।

(੪) ਵੀਚਾਰਨ ਵਾਲੀ ਗੱਲ ਇਹ ਵੀ ਹੈ ਕਿ ਜਿਨ੍ਹਾਂ ਉਕਤ ਸ਼ਬਦਾਂ ਵਿਚ ਹਿੰਦੁਸਤਾਨ ਦਾ ਦੋ ਵੇਰ ਨਾਮ ਅੰਕਿਤ ਹੈ, ਉਹਨਾਂ ਵਿਚ ਨਾਲ ਹੀ 'ਕਾਬਲ' ਤਥਾ 'ਖੁਰਾਸਾਨ' ਵੀ ਦਰਜ ਹੈ। ਉਹਨਾਂ ਬਾਰੇ ਕੀ ਆਖਿਆ ਜਾਵੇ? ਹੋਰ ਅਗੇ ਪੜਤਾਲੀਏ ਤਾਂ ਬਾਣੀ ਵਿਚ ਲਾਹੌਰ ਦਾ ਵੀ ਦੋ ਵੇਰ ਨਾਮ ਲਿਖਿਆ ਹੋਇਆ ਹੈ, ਜੋ ਉਸ ਵੇਲੇ (ਤੇ ਹੁਣ ਦੇ ਵਖਰੇ ਪੰਜਾਬ, ਪਾਕਿਸਤਾਨ ਦੀ) ਦੇ ਸਮੁੱਚੇ ਪੰਜਾਬ ਦੀ ਰਾਜਧਾਨੀ ਸੀ।

"ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ" ॥੨੭॥ (ਮ: ੩)
ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥ (੧੪੧੨)

ਇਨ੍ਹਾਂ ਪੰਕਤੀਆਂ ਬਾਰੇ ਉਪਰਲੇ ਆਧਾਰ ਅਨੁਸਾਰ ਕੀ ਨਿਰਣਾ ਕਢਿਆ ਜਾ ਸਕਦਾ ਹੈ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਭਾਰਤ ਦੇ ਹੋਰ ਸ਼ਹਿਰਾਂ ਤੇ ਇਲਾਕਿਆਂ ਦਾ ਨਾਮ ਵੀ ਲਿਖਿਆ ਹੈ, ਮਥਰਾ, ਬਿੰਦਰਾਬਨ, ਬਨਾਰਸ, ਕਾਸ਼ੀ, ਗਯਾ, ਗੋਇੰਦਵਾਲ, ਖਡੂਰ, ਦਖਣ, ਪਛਮ (ਹੋਰ) ਮਕਾ, ਕਾਅਬਾ ਆਦਿ। ਇਹਨਾਂ ਤੋਂ ਹੋਰ ਅਗੇ ਖੋਜ ਕੀਤਿਆਂ, ਬਾਣੀ 'ਸਪਤ ਦੀਪ, ਸਪਤ ਸਾਗਰਾ' ਬਾਰੇ ਜਾਣਕਾਰੀ ਦਿੰਦੀ ਹੋਈ ਜਗਿਆਸੂ ਨੂੰ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਦੇ ਦ੍ਰਿਸ਼ ਵਿਖਾਂਦੀ ਹੋਈ ਸਚਖੰਡ ਵਿਚ ਲੈ ਜਾਂਦੀ ਹੈ। ਜਿਥੋਂ ਸਹਿਜ ਅਵਸਥਾ ਵਿਚ ਟਿਕੀ ਹੋਈ ਆਤਮਾ ਨੂੰ ਵਿਸ਼ਾਲ ਘੇਰੇ ਵਾਲੀ ਦੁਨੀਆ, ਅਕਾਲ ਪੁਰਖ ਦੀ ਇਕ ਨਿਕੀ ਜੇਹੀ ਕੋਠੜੀ ਜਾਪਦੀ ਹੈ :—

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ (੪੬੩)

ਸਚ ਤਾਂ ਇਹ ਹੈ ਕਿ ਗੁਰਬਾਣੀ ਰੂਹਾਨੀਅਤ ਦਾ ਪ੍ਰਕਾਸ਼ ਹੈ, ਚਮਤਕਾਰ ਹੈ। ਨਿਰੰਕਾਰ ਦਾ ਹੀ ਰੂਪ ਹੈ। ਜਿਸ ਦਰਗਾਹ ਤੋਂ ਇਹ ਆਈ ਹੈ, ਅਭਿਆਸੀ ਨੂੰ ਓਸ ਮੰਜ਼ਲ ਮਕਸੂਦ ਤੇ ਲੈ ਜਾਂਦੀ ਹੈ।

(੫) ਰਹੀ ਗੱਲ ਸਿਖਾਂ ਦੀ ਵਫ਼ਾਦਾਰੀ ਦੀ। ਇਸ ਬਾਰੇ ਕਿਸੇ ਬਸ਼ਰ ਨੂੰ ਸ਼ਕ ਕਰਨ ਦੀ ਗੁੰਜਾਇਸ਼ ਹੀ ਨਹੀਂ ਹੈ। ਗੁਰੂ ਸਹਿਬਾਨ ਦੇ ਕਾਲ ਤੋਂ ਲੈ ਕੇ ਹੁਣ ਤਕ ਸਿਖ ਦੇਸ਼ ਤੇ ਧਰਮ ਲਈ ਕੁਰਬਾਨੀਆਂ ਕਰਦੇ ਚਲੇ ਆ ਰਹੇ ਹਨ। ਉਹਨਾਂ ਤੋਂ ਸੁਤੇ ਸਿਧ ਹੀ ਸਿਖਾਂ ਦੀ ਦੇਸ਼ ਭਗਤੀ ਪਰਖੀ ਜਾ ਸਕਦੀ ਹੈ।

ਮਹਿਮੂਦ ਗ਼ਜ਼ਨਵੀ ਤੋਂ ਲੈ ਕੇ ਅਹਿਮਦ ਸ਼ਾਹ ਅਬਦਾਲੀ ਤਕ ਜਰਵਾਣਿਆਂ ਅਨੇਕਾਂ ਵੇਰ ਜ਼ਾਲਮਾਨਾ ਹਮਲਿਆਂ ਨਾਲ ਦੇਸ਼ ਨੂੰ ਲੁਟਿਆ, ਤਬਾਹ ਕੀਤਾ ਤੇ ਏਥੋਂ ਦੀਆਂ ਮੁਟਿਆਰਾਂ ਨੂੰ ਬੰਦੀ ਬਣਾ ਕੇ ਆਪਣੇ ਮੁਲਕਾਂ ਵਿਚ ਲਿਜਾ ਕੇ ਟਕੇ ਟਕੇ ਨੂੰ ਸ਼ਰੇਆਮ ਨੀਲਾਮ ਕਰਕੇ ਹਿੰਦੁਸਤਾਨ ਦੀ ਇਜ਼ਤ ਤੇ ਅਣਖ ਨੂੰ ਰੋਂਦਿਆ, ਖਾਲਸੇ ਨੇ ਆਪਣੇ ਬਾਹੂਬਲ ਦੇ ਸਦਕੇ ਉਹਨਾਂ ਜਾਬਰਾਂ ਦਾ ਐਸਾ ਟਾਕਰਾ ਕੀਤਾ ਕਿ ਉਹਨਾਂ ਨੂੰ ਨਾਨੀ ਚੇਤੇ ਆ ਗਈ। ਅਜ ਤਕ ਉਹਨਾਂ ਨੂੰ ਭਾਰਤ ਵਲ ਭੈੜੀ ਨਜ਼ਰ ਨਾਲ ਵੇਖਣ ਦੀ ਜੁਰਅੱਤ ਹੀ ਨਹੀਂ ਹੋ ਸਕੀ। ਸਗੋਂ ਖਾਲਸੇ ਨੇ ਉਹਨਾਂ ਦੇ ਇਲਾਕਿਆਂ ਤੇ ਕਬਜ਼ੇ ਕਰ ਕੇ ਹਿੰਦ ਦੀ ਸ਼ਾਨ ਨੂੰ ਚਾਰ ਚੰਨ ਲਾਏ।

(੬) ਆਜ਼ਾਦੀ ਦੇ ਲੰਮੇ ਘੋਲ ਵਿਚ ਸਿੰਘਾਂ ਨੇ ਆਬਾਦੀ ਦੀ ਗਿਣਤੀ ਦੇ ਤਨਾਸਬ ਅਨੁਸਾਰ, ਕਰੋੜਾਂ ਦੀ ਗਿਣਤੀ ਵਾਲੀਆਂ ਕੌਮਾਂ ਤੋਂ ਕਿਤੇ ਵਧ ਮਾਰਕੇ ਕਰ ਵਿਖਾਏ। ਤੋਪਾਂ ਦੇ ਗੋਲਿਆਂ ਨਾਲ ਉਡੇ, ਫਾਂਸੀਆਂ ਤੇ ਲਟਕੇ, ਜੇਲ੍ਹਾਂ ਕਟੀਆਂ, ਕਾਲੇ ਪਾਣੀ ਗਏ, ਡਾਂਗਾਂ ਤੇ ਗੋਲੀਆਂ ਖਾਧੀਆਂ। ਖ਼ੂਨ ਦਾ ਬਦਲਾ ਲੈਣ ਬਦਲੇ ਮਗ਼ਰੂਰ ਤੇ ਜ਼ਾਲਮ ਬ੍ਰਿਟਸ਼ ਅਫਸਰਾਂ ਨੂੰ ਗੋਲੀਆਂ ਨਾਲ ਭੁੰਨਿਆ, ਆਦਿ।

ਅਜ਼ਾਦੀ ਮਿਲਣ ਪਿਛੋਂ, ਕੁਝ ਫ਼ਿਰਕੂ ਤੇ ਈਰਖਾ-ਵਾਦੀਆਂ ਨੇ, ਸਿਖਾਂ ਨੂੰ ਕਈ ਤੁਹਮਤਾਂ ਲਾ ਲਾ ਕੇ


www.AKJ.Org

ਭੰਡਿਆ, ਪਰ ਸਿੰਘਾਂ ਨੇ ਆਪਣੇ ਸਿਖੀ ਆਦਰਸ਼ ਨੂੰ ਮੁਖ ਰਖਦਿਆਂ ਅਜ਼ਾਦੀ ਦੀ ਰਖਿਆ ਲਈ ਚੀਨ ਤੇ ਪਾਕ ਵਲੋਂ ਛਿੜੀਆਂ ਜੰਗਾਂ ਵਿਚ ਲਾਜਵਾਬ ਜੌਹਰ ਵਿਖਾ ਕੇ ਦੁਸ਼ਮਨਾਂ ਨੂੰ ਨਕੀਂ ਚੰਨੇ ਚਬਾਏ।

(੭) ਬੇਕਦਰਾਂ ਨੇ ਇਨਸਾਫ ਤੇ ਅਸੂਲਾਂ ਨੂੰ ਛਿਕੇ ਤੇ ਟੰਗ ਕੇ ਸਿਖਾਂ ਦੇ ਗੁਰਧਾਮਾਂ (ਸ੍ਰੀ ਅਕਾਲ ਤਖਤ, ਹਰਿਮੰਦਰ ਸਾਹਿਬ, ਇਤਿਹਾਸਕ ਲਾਇਬਰੇਰੀ, ਆਦਿ) ਨੂੰ ਟੈਂਕਾਂ ਦੇ ਗੋਲੇ ਮਾਰ ਕੇ ਢਾਹਿਆ, ਬੇਅਦਬੀ ਕੀਤੀ, ਔਰਤਾਂ ਤੇ ਬੱਚਿਆਂ (ਯਾਤ੍ਰੂਆਂ) ਨੂੰ ਕੋਹ ਕੋਹ ਕੇ ਮਾਰਿਆ। ਤਮਾਕੂ, ਸਿਗਰਟਾਂ, ਸ਼ਰਾਬਾਂ ਪ੍ਰਕਰਮਾਂ ਵਿਚ ਪੀਤੀਆਂ। ਪਵਿਤਰ ਸਰੋਵਰ ਨੂੰ ਅਪਵਿਤਰ ਕੀਤਾ, ਆਦਿ।

ਸਿਖਾਂ ਦੇ ਅਲੇ ਜ਼ਖਮਾਂ ਉਤੇ ਮਲ੍ਹਮ ਲਗਾਣ ਦੇ ਥਾਂ ਨਵੰਬਰ ੮੪ ਵਿਚ ਖਾਸ ਸਕੀਮ ਹੇਠਾਂ ਦਿਲੀ ਤੇ ਕੁਝ ਹੋਰ ਸ਼ਹਿਰਾਂ ਵਿਚ ਬੇਰਹਿਮੀ ਤੇ ਬੇਦਰਦੀ ਨਾਲ ਸਿਖਾਂ ਨੂੰ ਵਢਿਆ, ਸਾੜਿਆ ਤੇ ਲੁਟਿਆ ਗਿਆ। (ਜਿਸ ਗੁਰਦੁਆਰੇ ਦਾ ਲੇਖਕ ਸੈਕਟਰੀ ਹੈ, ਉਸਨੂੰ ਜਿਵੇਂ ਗੁੰਡਿਆਂ ਅੱਗ ਲਾਈ, ਪਾਵਨ ਬੀੜਾਂ, ਗ੍ਰੰਥ ਤੇ ਸਮਾਨ ਫੂਕਿਆ ਅਥਵਾ ਲੁਟਿਆ ਗਿਆ, ਉਹ ਅਸਹਿ ਤੇ ਅਕਹਿ ਸੀ।)

ਸਿਤਮ ਵਾਲੀ ਗੱਲ ਕਿ ਦਾੜ੍ਹੀ ਕੇਸਾਂ ਵਾਲੇ, ਨਾਮਧਾਰੀ, ਰਾਧਾ ਸੁਆਮੀ ਜਾਂ ਨਿਰੰਕਾਰੀ ਬਲਕਿ ਕਾਂਗਰਸੀ, ਅਰ ਸਰਕਾਰੀ ਸਿਖ ਮੁਲਾਜ਼ਮਾਂ ਨੂੰ ਵੀ ਇਕੋ ਰਸੇ ਫਾਹੇ ਲਾਇਆ ਗਿਆ।

ਇਸ ਕਹਿਰ ਦੇ ਨਾਲ ਨਾਲ ਸਿਖਾਂ ਨੂੰ ਚਿੜਾਣ ਲਈ, ਸ਼ਰੇਆਮ ਛੋਕਰੇ ਇਹ ਨਾਹਰੇ ਲਾਂਦੇ ਸੁਣੇ ਗਏ; "ਮਾਰੋ ਲੂਟੋ ਸਰਦਾਰੋਂ ਕੋ, ਦੇਸ਼ ਕੇ ਗ਼ਦਾਰੋਂ ਕੋ।" "ਮਾਂਗਤੇ ਸਿਖ ਖਾਲਸਤਾਨ, ਮਿਲੇਗਾ ਇਨ ਕੋ ਖਾਕਸਤਾਨ" ਆਦਿ। (ਇਸ ਕਤਲਿਆਮ ਬਾਰੇ ਖੁਲ੍ਹੇ ਲੇਖ, ਦਾਸ ਦੀ ਕਲਮ ਤੋਂ ਅਖਬਾਰਾਂ ਵਿਚ ਛਪਦੇ ਰਹੇ ਹਨ।)

(੮) ਦੇਸ਼ ਰਖਿਅਕ ਸਿੰਘਾਂ ਨੂੰ ਉਗਰਵਾਦੀ, ਵਖਵਾਦੀ ਤੇ ਅਤੰਕਵਾਦੀ ਕਹਿ ਕੇ ਭੰਡਿਆ ਗਿਆ। ਗ਼ਦਾਰ ਹੋਣ ਦਾ ਫਤਵਾ ਦਿਤਾ ਗਿਆ। 'ਸਚ ਸੌ ਪੜਦੇ ਪਾੜ ਕੇ ਵੀ ਪ੍ਰਗਟ ਹੋ ਜਾਂਦਾ ਹੈ', ਗਊਆਂ ਦੀ ਚਰਬੀ ਘਿਉ ਵਿਚ ਮਿਲਾ ਕੇ ਲੋਕਾਂ ਨੂੰ ਖਵਾਣ ਵਾਲੇ ਇਹ ਗਊ-ਪੂਜਕ ਹੀ ਸਾਬਤ ਹੋਏ। ਬੰਦੂਕਾਂ ਤੇ ਹਥਿਆਰਾਂ ਦੀਆਂ ਨਜਾਇਜ਼ ਫ਼ੈਕਟਰੀਆਂ ਨੂੰ ਚਲਾਣ ਤੇ ਵੇਚਣ ਵਾਲੇ ਵੀ ਇਹੋ ਭਦਰ ਪੁਰਸ਼ ਨਿਕਲੇ। ਗੁਪਤ ਭੇਦ ਵਾਲੀਆਂ ਸਰਕਾਰੀ ਫ਼ਾਈਲਾਂ ਨੂੰ ਵੀ ਹੋਰਨਾਂ ਮੁਲਕਾਂ ਵਿਚ ਵੇਚਣ ਵਾਲਾ ਕੋਈ ਸਿਖ ਨਹੀਂ, ਸਗੋਂ ਡੀਂਗਾਂ ਮਾਰਨ ਵਾਲੇ ਹੀ ਗ਼ਦਾਰ ਸਾਬਤ ਹੋਏ।

ਇੰਨਾ ਕੁਝ ਹੋਣ ਦੇ ਬਾਵਜੂਦ ਵੀ ਸਿਖਾਂ ਨੇ ਆਪਣੇ ਲਕਸ਼ (aim) ਨੂੰ ਕਾਇਮ ਰਖਿਆ। ਸਿੰਘਾਂ ਨੂੰ ਗੁੜ੍ਹਤੀ ਦਿਤੀ ਗਈ ਹੈ, 'ਬੁਰਿਆਂ ਨਾਲ ਵੀ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ।' ਸਰਬੱਤ ਦੇ ਭਲੇ ਦੀ ਦਿਲੋਂ ਅਰਦਾਸ ਕਰਨ ਵਾਲਾ ਗੁਰਸਿਖ, ਹਰ ਬਸ਼ਰ ਦਾ ਹਮਦਰਦ ਹੈ, ਮਿਤਰ ਹੈ।

ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥ (੬੭੧)

ਗਿਆਨੀ ਜੀ ਸਮੇਤ ਦੇਸ਼ ਦੇ ਮੁਖੀ ਆਗੂਆਂ ਤੇ ਜ਼ਿੰਮੇਵਾਰ ਅਹਿਲਕਾਰਾਂ ਨੂੰ ਵਿਸ਼ਵਾਸ ਰਖਣਾ ਚਾਹੀਦਾ ਹੈ ਕਿ ਕਲਗੀਧਰ ਜੀ ਦਾ ਅੰਮ੍ਰਿਤਧਾਰੀ ਸਿਦਕੀ ਸਿਖ ਦੇਸ਼-ਧ੍ਰੋਹੀ, ਜਾਂ ਵਿਸ਼ਵਾਸ-ਘਾਤੀ ਨਹੀਂ ਹੋ ਸਕਦਾ। ਖਾਲਸਾ ਪੰਥ ਦੇਸ਼ ਦੀ ਏਕਤਾ, ਅਖੰਡਤਾ ਅਤੇ ਖੁਸ਼ਹਾਲੀ ਦਾ ਹਾਮੀ ਹੈ। ਹਰ ਕੀਮਤ ਉਤੇ ਸ਼ਾਂਤੀ ਤੇ ਅਮਨ ਦਾ ਚਾਹਵਾਨ ਹੈ। ਇਹ ਸਦਾ ਅਰਦਾਸ ਵਿਚ ਮੰਗ ਮੰਗਦਾ ਹੈ—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ [ਸਲੋਕ ਮ: ੩-੮੫੩]

ਸਮਾਂ ਦੱਸੇਗਾ ਕਿ ਭਵਿਖ ਵਿਚ ਜਦੋਂ ਕਦੇ ਵੀ ਲੋੜ ਪਈ ਤਾਂ ਇਹਨਾਂ ਖਾਲਸਿਆਂ ਨੇ ਹੀ ਦੁਸ਼ਮਨ ਨਾਲ ਲੋਹਾ ਲੈਣਾ ਹੈ ਤੇ ਦੇਸ਼ ਨੂੰ ਚੜ੍ਹਦੀਆਂ ਕਲਾਂ ਵਿਚ ਰਖਣ ਦਾ ਹਰ ਸੰਭਵ ਉਪਰਾਲਾ ਕਰਨਾ ਹੈ।



www.AKJ.Org

# ਗੁਰਸਿਖੀ ਅਤੇ ਰਹਿਤ-ਰਹਿਣੀ

ਗੁਰਸਿਖੀ ਦਾ ਪਹਿਰਾਵਾ ਤੇ ਰਹਿਣੀ ਬਹਿਣੀ ਸਭ ਤੋਂ ਵਖਰੀ ਅਤੇ ਵਿਲੱਖਣ ਹੈ। ਵਿਲੱਖਣ ਹੋਵੇ ਵੀ ਕਿਉਂ ਨਾ, ਇਹ ਸਿਖੀ ਦੀ ਅਮੋਲਕ ਦਾਤਿ ਸੀਸ ਭੇਟ ਦੇ ਕੇ ਪ੍ਰਾਪਤ ਕਰੀਦੀ ਹੈ। ਆਪਣਾ ਆਪ ਸਤਿਗੁਰੂ ਦੇ ਅਰਪਣ ਕਰ ਕੇ ਸਿੱਖੀ ਦੀ ਬਖ਼ਸ਼ਸ਼ ਸਤਿਗੁਰਾਂ ਵਲੋਂ ਹੁੰਦੀ ਹੈ।

ਸਿਖੀ ਦਾ ਮਾਰਗ ਖਨਿਅਹੁੰ ਤਿਖਾ ਹੈ। ਇਸ ਮਾਰਗ ਤੇ ਤੁਰਨ ਲਈ ਬੜੀ ਸਾਵਧਾਨੀ ਦੀ ਲੋੜ ਹੈ ਅਤੇ ਇਸ ਪੰਧ ਤੇ ਤੁਰਨ ਲਈ ਪੈਰ ਸੰਭਲ ਕੇ ਰਖਣ ਦੀ ਲੋੜ ਹੈ। ਗੁਰੂ ਨੂੰ ਆਪਣਾ ਸਭ ਕੁਝ ਤਨ ਮਨ ਧਨ ਅਰਪਣ ਕਰ ਕੇ ਹੀ ਅਸੀਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਦੇ ਹਾਂ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ [ਰਾਮਕਲੀ ਮ: ੩, ਅਨੰਦੁ

ਸਭ ਕੁਝ ਸਤਿਗੁਰਾਂ ਦੇ ਹਵਾਲੇ ਕਰ ਕੇ ਆਪਣਾ ਆਪ ਛਡਣਾ ਪੈਂਦਾ ਹੈ, ਆਪਣੀ ਮਤਿ ਛਡਣੀ ਪੈਂਦੀ ਹੈ, ਗੁਰੂ ਦੀ ਮਤਿ ਗ੍ਰਹਿਣ ਕਰਨੀ ਜ਼ਰੂਰੀ ਹੋ ਜਾਂਦੀ ਹੈ। ਗੁਰਾਂ ਦੇ ਹੁਕਮਾਂ ਨੂੰ ਮੰਨ ਕੇ ਹੀ ਸਹੀ ਅਰਥਾਂ ਵਿਚ ਸਿਖੀ ਪਾਈ ਜਾ ਸਕਦੀ ਹੈ। ਜੇ ਅਸੀਂ ਗੁਰੂ ਕੇ ਹੁਕਮ ਨਹੀਂ ਮੰਨਦੇ ਤਾਂ ਇਸ ਖੰਡੇਧਾਰ ਮਾਰਗ ਤੇ ਅਸੀਂ ਅਧਵਾਟੇ ਹੀ ਲਟਕਦੇ ਰਹਾਂਗੇ।

ਇਹ ਖੰਡੇਧਾਰ ਮਾਰਗ ਗੁਰੂ ਦੇ ਹੁਕਮਾਂ ਤੇ ਚਲਣਾ ਹੈ, ਰਹਿਤ ਰਹਿਣੀ ਵਿਚ ਪਰਪੱਕ ਹੋਣਾ ਹੈ ਅਤੇ ਨਾਮ-ਅਭਿਆਸ ਕਮਾਈਆਂ ਕਰ ਕੇ ਅਕਾਲ ਨਾਲ ਅਭੇਦ ਹੋਣਾ ਹੈ। ਨਾਮ ਦੀਆਂ ਅਤੁਟ ਕਮਾਈਆਂ ਗੁਰਮਤਿ ਗਰੀਬੀ ਵਿਚ ਰਹਿ ਕੇ ਕਰੀ ਹੀ ਜਾਣੀਆਂ ਹਨ ਅਤੇ ਸਤਿਗੁਰਾਂ ਦੀ ਬਖਸ਼ਸ਼ ਅਥਵਾ ਕਿਰਪਾ-ਦ੍ਰਿਸ਼ਟੀ ਦੇ ਪਾਤਰ ਬਣਨ ਲਈ, ਉਨ੍ਹਾਂ ਦੇ ਹੁਕਮਾਂ ਸਿਰ ਹੁਕਮ ਨੂੰ ਮੰਨਣਾ ਅਤਿ ਜ਼ਰੂਰੀ ਹੈ। ਗੁਰਵਾਕ—

(ੳ) ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ [ਸਿਰੀਰਾਗੁ ਮ: ੧, ਪੰਨਾ ੭੨

(ਅ) ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥੧੦॥

[ਮਾਰੂ ਡਖਣੇ ਕੀ ਵਾਰ, ਮ: ੫, ਪੰਨਾ ੧੦੯੭

(ੲ) ਪੂਰੇ ਗੁਰ ਕੀ ਕਾਰ ਕਰਮਿ ਕਮਾਈਐ ॥ ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ॥
ਦੂਜੀ ਕਾਰੈ ਲਗਿ ਜਨਮੁ ਗਵਾਈਐ ॥ ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ ।'...
੧੪॥ [ਮਾਝ ਕੀ ਵਾਰ ਮਹਲਾ ੧; ਪੰਨਾ ੧੪੪

ਅੰਮ੍ਰਿਤ ਦੀ ਅਮੋਲਕ ਦਾਤਿ ਪ੍ਰਾਪਤ ਕਰਨ ਸਮੇਂ ਗੁਰਸਿਖਾਂ ਨੂੰ ਨਾਮ ਦੀ ਗੁੜ੍ਹਤੀ ਦੇ ਨਾਲ ਹੀ ਸਰੀਰਕ ਰਹਿਤ-ਰਹਿਣੀ ਵਿਚ ਪਰਪੱਕ ਰਹਿਣ ਦੇ ਹੁਕਮ ਦਿਤੇ ਜਾਂਦੇ ਹਨ। ਜਿਵੇਂ ਅਕਾਲ ਪੁਰਖ ਜੀ, ਬਦਾਮ ਦੀ ਗਿਰੀ ਦੀ ਪ੍ਰਾਪਤੀ ਲਈ ਉਸ ਦੀ ਸਿਰਜਨਾ ਕਰਦੇ ਹਨ। ਬੂਟੇ ਨੂੰ ਜਲ ਸਿੰਜ ਸਿੰਜ ਕੇ ਬਦਾਮ ਦੇ ਫਲ ਦੀ ਰਚਨਾ ਹੁੰਦੀ ਹੈ, ਉਸ ਦਾ ਬਾਹਰਲਾ ਸਰੀਰ ਬਣਦਾ ਹੈ। ਉਸ ਸਰੀਰ ਦੇ ਅੰਦਰ ਬਦਾਮ ਦੀ ਗਿਰੀ ਵਧਦੀ ਫੁਲਦੀ ਤੇ ਸੰਪੂਰਨ ਹੁੰਦੀ ਹੈ। ਬਦਾਮ ਦੇ ਬਾਹਰਲੇ ਸਰੀਰ ਅਥਵਾ ਛਿਲੜ ਕਰਕੇ ਹੀ ਅੰਦਰਲੀ ਗਿਰੀ ਸੁਰੱਖਿਅਤ ਹੁੰਦੀ ਹੈ। ਬਦਾਮ ਦੀ ਗਿਰੀ ਲਈ ਬਾਹਰਲਾ ਛਿਲੜ ਜ਼ਰੂਰੀ ਹੈ, ਪਰ ਨਿਰਾ ਛਿਲੜ ਗਿਰੀ ਤੋਂ ਬਿਨਾਂ ਕਿਸੇ ਲੇਖੇ ਨਹੀਂ। ਇਸ ਲਈ ਗਿਰੀ ਤੇ ਬਾਹਰਲਾ ਛਿਲੜ ਦੋਵੇਂ ਇਕ ਦੂਜੇ ਲਈ ਜ਼ਰੂਰੀ ਹਨ। ਇਸੇ ਤਰ੍ਹਾਂ ਹੀ ਸੇਵਾ, ਸਿਮਰਨ ਤੇ ਗਰੀਬੀ ਗੁਰਸਿਖੀ ਦੀ ਗਿਰੀ ਹੈ, ਪਰ ਇਸ ਦੀ ਰਾਖੀ ਲਈ ਸਰੀਰਕ ਰਹਿਤ ਵੀ ਲਾਜ਼ਮੀ ਹੈ। ਜੇ ਬੈਰੂਨੀ ਰਹਿਤ-ਰਹਿਣੀ ਵਿਚ ਢਿਲ ਆਵੇਗੀ ਤਾਂ ਆਤਮ ਕਮਾਈ, ਸੱਚੀ ਸੁਚੀ ਨਾਮ-ਅਭਿਆਸ਼ ਕਮਾਈ ਜ਼ਾਇਆ ਹੋਵੇਗੀ। ਉਹ ਪਰਫੁਲਤ ਤਾਂ ਹੀ ਹੋਵੇਗੀ ਜੇ ਸਰੀਰਕ ਰਹਿਤ-ਰਹਿਣੀ ਵਿਚ ਪਰਪੱਕ ਰਹਿਆ ਜਾਵੇਗਾ। ਦੋਹਾਂ ਦਾ ਆਪਸ ਵਿਚ ਨਹੁੰ ਤੇ ਮਾਸ ਵਾਲਾ ਅਟੁਟ ਸੰਬੰਧ ਹੈ।



www.AKJ.Org

ਗੁਰਸਿਖ ਨੇ ਪੰਜ ਕਕਾਰ ਸਜਾ ਕੇ, ਗੁਰੂ ਕਾ ਦਰਸ਼ਨੀ ਸਿਖ ਬਣਨਾ ਹੈ। ਖੁਲ੍ਹੇ ਦਾੜ੍ਹੇ ਦਾ ਪ੍ਰਕਾਸ਼ ਕਰ ਕੇ ਹੀ ਦਰਸ਼ਨੀ ਸਿਖ ਬਣ ਸਕੀਦਾ ਹੈ ਅਤੇ ਬਸਤਰਾਂ ਉਪਰ ਸ਼ਸਤਰ (ਗਾਤਰਾ ਸਿਰੀ ਸਾਹਿਬ) ਸਜਾ ਕੇ ਸਤਿਗੁਰਾਂ ਦਾ ਰੂਪ ਚੜ੍ਹ ਸਕਦਾ ਹੈ। ਗੁਰੂ ਕਾ ਸਿਖ ਦੋਨੋਂ ਵਕਤ ਕੰਘਾ ਕਰ ਕੇ ਦਸਤਾਰ ਚੁਣ-ਸੰਵਾਰ ਕੇ ਬੰਨ੍ਹਦਾ-ਸਜਾਂਦਾ ਹੈ, ਜਿਹਾ ਕਿ ਭਾਈ ਨੰਦ ਲਾਲ ਜੀ ਦੇ ਤਨਖ਼ਾਹਨਾਮੇ ਵਿਚ ਦਰਜ ਹੈ—

ਕੰਘਾ ਦੋਨੋਂ ਵਕਤ ਕਰ, ਪਾਗ ਚੁਨੇ ਕਰ ਬਾਂਧਈ।

ਟੋਪੀ ਵਾਂਗ ਪਗ ਬੰਨ੍ਹ ਕੇ ਸਿਰ ਤੇ ਰਖਣੀ ਜਾਂ ਉਤਾਰਨੀ ਮਨਮਤਿ ਹੈ ਅਤੇ ਸਤਿਗੁਰਾਂ ਦੀ ਬਖ਼ਸ਼ੀ ਦਸਤਾਰ ਦੀ ਬੇਅਦਬੀ ਹੈ। ਆਪਣੀ ਮਨ-ਮਰਜ਼ੀ ਵਰਤ ਕੇ ਇਉਂ ਗੁਰਸਿਖੀ ਦਾ ਮਖ਼ੌਲ ਉਡਾਉਣਾ ਹੈ। ਗੁਰਸਿਖੀ ਸਤਿਗੁਰਾਂ ਦੀ ਬਖ਼ਸ਼ੀ ਰਹਿਤ-ਰਹਿਣੀ ਨੂੰ ਭੈ-ਭਾਵਨੀ ਵਿਚ ਕਮਾਣ ਦਾ ਨਾਉਂ ਹੈ, ਇਹ ਕੋਈ ਬਧੋ-ਚਟੀ ਨਹੀਂ। ਬਧੋ-ਚਟੀ ਵਿਚ ਸਿਖੀ ਨਿਭਾਣ ਵਾਲਿਆਂ ਸਿਖਾਂ ਪ੍ਰਤੀ ਗੁਰ ਫੁਰਮਾਨ ਹੈ—

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥੭॥

[ਮ: ੨, ਵਾਰ ਸੂਹੀ ਕੀ, ਪੰਨਾ ੭੮੭

ਸਤਿਗੁਰੂ ਦੀ ਖੁਸ਼ੀ ਵਿਚ ਕੰਮ ਕਰੀਏ ਤਾਂ ਹੀ ਉਹ ਕੰਮ ਚੰਗਾ ਹੁੰਦਾ ਹੈ। ਸਤਿਗੁਰੂ ਦੀ ਖੁਸ਼ੀ ਸਤਿਗੁਰੂ ਦੇ ਹੁਕਮ ਕਮਾਵਣ ਵਿਚ ਹੈ ਅਤੇ ਉਨ੍ਹਾਂ ਦੀ ਬਖਸ਼ੀ ਰਹਿਤ-ਰਹਿਣੀ ਨੂੰ ਪੂਰੀ ਸ਼ਰਧਾ ਤੇ ਭੈ-ਭਾਵਨੀ ਨਾਲ ਧਾਰਨ ਕਰਨ ਵਿਚ ਹੈ। ਗੁਰੂ ਕੇ ਸਿਖ ਨੇ ਖੁਲ੍ਹੇ ਡੁਲ੍ਹੇ ਸਾਦੇ ਬਸਤਰ ਪਹਿਰ ਕੇ ਅਤੇ ਦੂਹਰੀ ਦਸਤਾਰ ਸਜਾ ਕੇ ਦਰਸ਼ਨੀ ਦਾੜ੍ਹੇ ਨਾਲ ਗੁਰੂ-ਚਰਨਾਂ ਵਿਚ ਹਾਜ਼ਰੀ ਭਰਨੀ ਹੈ। ਜਦੋਂ ਗੁਰਸਿਖ ਕਮਰਕਸਾ ਕਰ ਕੇ ਅਤੇ ਗਲ ਵਿਚ ਹਜ਼ੂਰੀਆ ਪਾ ਕੇ ਗੁਰੂ ਦਰਬਾਰ ਵਿਚ ਆਉਂਦਾ ਹੈ ਤਾਂ ਉਹ ਸਹੀ ਅਰਥਾਂ ਵਿਚ ਗੁਰੂ 'ਕਾਸੇ ਵਾਦਾਰ ਅਤੇ ਹੱਥ-ਬਧੀ ਗੁਲਾਮ ਹੋ ਕੇ ਉਜਾਗਰ ਹੁੰਦਾ ਹੈ।

ਗੁਰੂ-ਦਰ ਵਿਚ ਉਸੇ ਦੀ ਸੋਭਾ ਹੈ ਅਤੇ ਓਹੋ ਹੀ ਪ੍ਰਧਾਨ ਗਿਣਿਆ ਗਿਆ ਹੈ ਜੋ ਹਉਮੈ-ਅਭਿਮਾਨ ਤੋਂ ਬਚ ਕੇ ਰਹਿੰਦਾ ਹੈ। ਗੁਰ-ਹੁਕਮ ਹੈ—

ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧਸੰਗਿ ਇਹ ਹਉਮੈ ਛੋਰੈ ॥੫॥

ਅਤੇ—ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥
ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥੬॥੩॥

[ਗਉੜੀ ਸੁਖਮਨੀ ਮਹਲਾ ੫

ਅਹੰਕਾਰ-ਹਉਮੈ ਤਿਆਗ ਕੇ ਜਿਸ ਦੇ ਹਿਰਦੇ ਵਿਚ ਗਰੀਬੀ ਦਾ ਵਾਸਾ ਹੁੰਦਾ ਹੈ, ਜੋ ਜਨ ਆਪਣੇ ਆਪ ਨੂੰ ਸਭਨਾਂ ਦੀ ਧੂੜੀ ਸਮਝਦਾ ਹੈ, ਉਸ ਨਿਮਰ ਭਾਵ ਵਿਚ ਵਿਚਰਨ ਵਾਲੇ ਗੁਰਸਿਖ ਦੇ ਅੰਦਰ ਹੀ ਨਾਮ ਚੜ੍ਹਦੀ ਕਲਾ ਵਿਚ ਪਰਫੁਲਤ ਹੁੰਦਾ ਹੈ, ਓਹੋ ਹੀ ਸਤਿਗੁਰੂ ਦਾ ਸਚਿਆਰ ਸਿਖ ਉਸ ਦੇ ਦਰ ਤੇ ਪਰਵਾਨ ਪੈਂਦਾ ਹੈ। ਇਸ ਦੇ ਉਲਟ ਬਾਣੀ ਤੇ ਬਾਣੇ ਨੂੰ ਧਾਰਨ ਕਰ ਕੇ ਜੋ ਅਹੰਕਾਰ ਵਿਚ ਆਫਰਿਆ ਫਿਰਦਾ ਹੈ ਅਤੇ ਹੋਰਨਾਂ ਨੂੰ ਟਿੱਚ ਸਮਝਦਾ ਹੈ, ਉਸ ਬਾਰੇ ਸਤਿਗੁਰੂ ਜੀ ਫੁਰਮਾਂਦੇ ਹਨ :—

ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥

ਜੋ ਗੁਰੂ ਕੇ ਲਾਲ ਗਰੀਬੀ ਵਿਚ ਭੈ-ਭਾਵਨੀ ਵਿਚ ਰਹਿੰਦੇ ਹਨ, ਕੇਵਲ ਓਹੋ ਗੁਰੂ ਦੀ ਕਿਰਪਾ ਅਤੇ ਬਖ਼ਸ਼ਸ਼ ਦੇ ਪਾਤਰ ਬਣਦੇ ਹਨ। ਗੁਰੂ ਦੀ ਬਖਸ਼ਸ਼ ਦੁਆਰਾ ਹੀ ਅਭਿਮਾਨ ਤੋਂ ਛੁਟਕਾਰਾ ਮਿਲਦਾ ਹੈ ਅਤੇ ਤਾਂ ਫਿਰ ਸੱਚੀ ਦਰਗਾਹੇ ਪਰਵਾਨ ਹੋਈਦਾ ਹੈ। ਗੁਰਵਾਕ—

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥੧੨॥ [ਗਉੜੀ ਸੁਖਮਨੀ ਮ: ੫

(ਇਕ ਸਿੰਘ ਵਲੋਂ ਪੁਜੇ ਲੇਖ "ਪਾਗ ਚੁਨੇ ਕਰ ਬਾਂਧਈ" ਤੋਂ ਪ੍ਰਭਾਵਤ ਹੋ ਕੇ)



www.AKJ.Org

# ਅਬ ਰੱਛਾ ਮੇਰੀ ਤੁਮ ਕਰੋ

[ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ]

'ਖਾਲਸਾ' ਅਰਬੀ ਜ਼ਬਾਨ ਦਾ ਲਫ਼ਜ਼ ਹੈ, ਜਿਸਦਾ ਅਰਥ ਹੈ—ਬਾਦਸ਼ਾਹ ਦੀ ਜ਼ਮੀਨ। ਉਹ ਭੋਂ ਜਿਸ ਨੂੰ ਕੋਈ ਮਾਮਲਾ ਜਾਂ ਲਗਾਨ ਨਹੀਂ ਲਾ ਸਕਦਾ। ਭਾਵ ਇਸਦਾ ਇਹ ਕਿ ਹਰ ਤਰ੍ਹਾਂ ਦੀ ਪਰਾਧੀਨਤਾ ਤੋਂ ਆਜ਼ਾਦ ਹਸਤੀ......ਖ਼ਾਲਸਾ ਹੈ।

ਇਸਨੂੰ ਸਤਿਗੁਰਾਂ ਨੇ ਬਾਣੀ ਦਾ ਵਿਧਾਨ ਅਤੇ ਵਿਲੱਖਣ ਬਾਣੇ ਦੀ ਪਹਿਚਾਨ ਦਿੱਤੀ। ਇਹ ਕੇਸਾਧਾਰੀ ਤੇ ਦਸਤਾਰਧਾਰੀ ਖਾਲਸਾ ਸ਼ਸਤਰਧਾਰੀ ਵੀ ਹੋਇਆ ਅਤੇ ਇਸਨੂੰ ਝੰਡਾ ਤੇ ਨਗਾਰਾ ਵੀ ਬਖਸ਼ੇ ਗਏ, ਜੋ ਪ੍ਰਭੂ-ਸੱਤਾ ਦੇ ਪ੍ਰਤੀਕ ਹਨ। ਮੀਰੀ ਤੇ ਪੀਰੀ ਦੇ ਸੰਗਮ ਦਾ ਭਾਵ ਇਹੋ ਸੀ ਕਿ ਧਰਮ ਤੇ ਰਾਜਨੀਤੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਮਿਲ ਕੇ ਚਲਣ। ਧਰਮ ਅੰਦਰੂਨੀ ਮਰਯਾਦਾ ਦਾ ਸੰਚਾਲਕ ਹੈ ਤੇ ਰਾਜਨੀਤੀ ਬਾਹਰਲੀ ਮਰਯਾਦਾ ਦੀ ਪਹਿਰੇਦਾਰ।

ਈਸਾਈਆਂ ਯੂਰਪ ਵਿਚ ਜੋ ਧਰਮ ਦੇ ਨਾਂ ਤੇ ਜ਼ੁਲਮ ਢਾਹੇ ਅਤੇ ਮੁਸਲਮਾਨਾਂ ਏਸ਼ੀਆ ਭਰ ਵਿਚ ਮਜ਼੍ਹਬ ਦੇ ਨਾਂ ਉਤੇ ਜੋ ਅਤਿਆਚਾਰ ਕੀਤੇ, ਇਸ ਤੋਂ ਪੱਛਮੀ ਵਿਚਾਰਵਾਨ ਇਉਂ ਸੋਚਣ ਲਈ ਮਜਬੂਰ ਹੋ ਗਏ ਕਿ ਧਰਮ ਤੇ ਰਾਜਨੀਤੀ ਵਖ ਵਖ ਹਨ ਤੇ ਧਰਮ ਇਕ ਪ੍ਰਾਈਵੇਟ ਚੀਜ਼ ਹੈ। ਧਰਮ ਤਾਂ ਸ਼ੁਰੂ ਹੀ ਇਥੋਂ ਹੁੰਦਾ ਹੈ ਕਿ ਤੁਹਾਡਾ ਦੂਜਿਆਂ ਪ੍ਰਤੀ ਕੇਹਾ ਕੁ ਸੁਚੱਜਾ ਰਵੱਈਆ ਹੈ। ਭਾਰਤੀ ਧਰਮ ਆਮ ਤੌਰ ਤੇ ਵੈਸੇ ਹੀ ਅਪਸਾਰਵਾਦੀ ਸਨ, ਜੋ ਤਿਆਗੀ ਤੇ ਅਹਿੰਸਾ ਨੂੰ ਮੁੱਖ ਕਰਤਵ ਮੰਨਦੇ ਸਨ। ਨਤੀਜਾ ਇਹ ਹੋਇਆ ਕਿ ਇਨ੍ਹਾਂ ਹਥੋਂ ਰਾਜ-ਸੱਤਾ ਖੁੱਸ ਗਈ ਤੇ ਇਹ ਸਦੀਆਂ ਦੇ ਗੁਲਾਮ ਬਣ ਕੇ ਰਹਿ ਗਏ।

**ਅਜ਼ਾਦੀ ਦੇ ਅਲਮ-ਬਰਦਾਰ ਸਿੱਖ—**

ਗੁਰੂ ਸਾਹਿਬਾਨ ਨੂੰ ਇਹ ਅਵਸਥਾ ਪਸੰਦ ਨਹੀਂ ਸੀ ਕਿ ਰੱਬ ਦਾ ਸ਼ਹਿਜ਼ਾਦਾ ਮਨੁਖ ਕਿਤੇ ਵੀ ਕਿਸੇ ਦਾ ਗੁਲਾਮ ਹੋਵੇ ਤੇ ਖ਼ੂੰਖਾਰ ਬਘਿਆੜ, ਗਊਆਂ ਨੂੰ ਪਾੜ ਪਾੜ ਖਾਂਦੇ ਰਹਿਣ। ਇਸ ਕਰਕੇ ਉਨ੍ਹਾਂ ਖਾਲਸੇ ਨੂੰ ਸ਼ਸਤਰਧਾਰੀ ਬਣਾ ਕੇ ਬਿਦੇਸ਼ੀ ਜਰਵਾਣਿਆਂ ਨਾਲ ਲੜਾਇਆ ਤੇ ਦੇਸ਼ ਨੂੰ ਆਜ਼ਾਦ ਕਰਵਾਇਆ। ਖਾਲਸਾ, ਅਕਾਲ ਪੁਰਖ ਦੀ ਰਜ਼ਾ ਵਿਚ ਪ੍ਰਵਾਨ ਚੜ੍ਹੀ ਧਰਮਾਤਮਾ ਲੋਕਾਂ ਦੀ ਫ਼ੌਜ ਸੀ, ਜਿਸ ਨੇ ਧਰਮ ਤੇ ਨੀਤੀ ਦਾ ਸੁਚੱਜਾ ਸੰਗਮ ਕੀਤਾ। ਇਥੇ ਧਰਮ ਦਾ ਅਰਥ ਸੰਕੀਰਣ ਸੰਪਰਦਾਇਤਾ ਤੇ ਰਾਜਨੀਤੀ ਦਾ ਨਿਰਾ ਪੂਰਾ ਝੂਠ ਫ਼ਰੇਬ ਭਾਵ-ਅਰਥ ਨਹੀਂ ਸੀ, ਜਿਵੇਂ ਕਿ ਅਜ ਹੋ ਗਿਆ ਹੈ। ਇਨ੍ਹਾਂ ਧਰਮ-ਯੋਧਿਆਂ ਨੇ ਲਗਾਤਾਰ ਸੌ ਵਰ੍ਹਾ ਘੋਲ ਕਰ ਕੇ ਭਾਰਤੀ ਸਭਿਆਚਾਰ ਤੇ ਧਰਮ ਦੀ ਰਾਖੀ ਕੀਤੀ ਤੇ ਪੰਜਾਬ ਵਿਚ ਤਾਂ ਸੁਤੰਤਰ ਰਾਜ ਸਥਾਪਤ ਕਰ ਕੇ ਹੀ ਦ ਮ। ਲਿਆ ਜੇ ਖਾਲਸਿਆਂ ਦੀ ਤੇਗ ਇਹ ਫਤਿਹ ਹਾਸਲ ਨਾ ਕਰਦੀ ਤਾਂ ਦੋ ਸੌ ਵਰ੍ਹਿਆਂ ਤੋਂ ਹਿੰਦ ਦਾ ਇਹ ਹਿੱਸਾ ਅਫ਼ਗਾਨਿਸਤਾਨ ਦਾ ਭਾਗ ਹੁੰਦਾ ਤੇ ਹਿੰਦ ਵੀ ਸ਼ਾਇਦ ਮੁਕੰਮਲ ਮੁਸਲਮ ਦੇਸ਼ ਹੀ ਆਖਿਆ ਜਾਂਦਾ, ਜਿਵੇਂ ਕਿ ਸਾਈਂ ਬੁਲ੍ਹੇ ਸ਼ਾਹ ਦਾ ਅਨੁਮਾਨ ਸੀ। ਖ਼ੈਰ!

**ਧਰਮ ਤੇ ਰਾਜਨੀਤੀ—**

ਸਮਾਂ ਬਦਲਿਆ, ਫਰੰਗੀ ਕੂਟਨੀਤੀ ਨੇ ਉਤਰੀ ਭਾਰਤ ਵਿਚੋਂ ਫ਼ੌਜ ਇਕੱਠੀ ਕਰ ਕੇ ਸਿੰਘਾਂ ਦਾ ਰਾਜ ਭਾਗ ਖੋਹ ਲਿਆ, ਸ਼ਸਤਰ ਵੀ ਖੋਹ ਲਏ ਅਤੇ ਪੰਜਾਬ ਨਿਹੱਥਾ ਹੋ ਗਿਆ। ਪਰੰਤੂ ਸਿਖ, ਜੋ ਅਜ਼ਾਦੀ ਦੇ ਅਲਮਬਰਦਾਰ ਤੇ ਸਵੈਮਾਨ ਦੇ ਸੁਰੱਖਿਅਤ ਸਨ—ਸ਼ਾਂਤਮਈ ਢੰਗ ਨਾਲ ਸੰਗਰਾਮ ਕਰਦੇ ਰਹੇ। ਥੋਹੜੇ ਚਿਰ ਵਿਚ ਹੀ ਉਹਨਾਂ ਸਤਿਆਗ੍ਰਹਿ ਰਾਹੀਂ ਆਪਣੇ ਧਰਮ-ਅਸਥਾਨ ਆਜ਼ਾਦ ਕਰਾ ਲਏ। ਮਹਾਤਮਾ ਗਾਂਧੀ ਜੀ ਨੇ



www.AKJ.Org

ਸਿਖ ਆਗੂਆਂ ਨੂੰ ਤਾਰ ਭੇਜੀ, 'ਖਾਲਸਾ ਜੀ ! ਵਧਾਈਆਂ !! ਤੁਸੀਂ ਗੁਰਦੁਆਰੇ ਆਜ਼ਾਦ ਕਰਾ ਲਏ, ਹਿੰਦੁਸਤਾਨ ਵੀ ਇਕ ਵੱਡਾ ਗੁਰਦੁਆਰਾ ਹੈ, ਇਸ ਨੂੰ ਵੀ ਤੁਸੀਂ ਹੀ ਆਜ਼ਾਦ ਕਰਾਉਣਾ ਹੈ।' ਉਦੋਂ ਦੇਸ਼ ਦੇ ਨੇਤਾਵਾਂ ਨੂੰ ਸਿੱਖਾਂ ਵਲੋਂ ਕੀਤਾ ਧਰਮ ਤੇ ਰਾਜਨੀਤੀ ਦਾ ਸੰਗਮ ਚੰਗਾ ਲਗਦਾ ਸੀ। ਹਰ ਗੁਰਦੁਆਰਾ ਜੰਗੇ ਆਜ਼ਾਦੀ ਦੀ ਸਟੇਜ ਸੀ, ਚਾਹੇ ਉਹ ਦਿਲੀ ਦਾ ਰਕਾਬ ਗੰਜ ਸੀ, ਚਾਹੇ ਕੈਨੇਡਾ ਦਾ ਵੈਨਕੋਵਰ। ਉਦੋਂ ਕੋਈ ਇਹ ਇਤਰਾਜ਼ ਨਹੀਂ ਸੀ ਕਰਦਾ ਕਿ ਸਿਖ ਰਾਜਨੀਤਕ ਮਾਮਲੇ ਆਪਣੇ ਧਰਮ-ਅਸਥਾਨਾਂ ਵਿਚ ਕਿਉਂ ਵਿਚਾਰਦੇ ਹਨ ਤੇ ਕਥਾ ਕੀਰਤਨ ਤੋਂ ਸਿਵਾ ਹੋਰ ਕੋਈ ਗੱਲ ਕਿਉਂ ਕੀਤੀ ਜਾਂਦੀ ਹੈ।

ਫਿਰ ਜਿਸ ਸਤਿਆਗ੍ਰਹਿ ਦੇ ਨਵੇਂ ਸਾਧਨ ਨੂੰ ਅਪਣਾ ਕੇ ਸਿਖਾਂ ਨੇ ਧਰਮ-ਅਸਥਾਨਾਂ ਨੂੰ ਆਜ਼ਾਦ ਕਰਾਇਆ ਸੀ, ਉਸੇ ਤੋਂ ਸਬਕ ਹਾਸਲ ਕਰ ਕੇ ਭਾਰਤੀ ਲੋਕਾਂ ਦੇਸ਼ ਦੀ ਆਜ਼ਾਦੀ ਦੀ ਮੁਹਿੰਮ ਚਲਾਈ। ਸਿਖਾਂ ਇਸ ਵਿਚ ਵੀ ਸਭ ਤੋਂ ਵੱਧ ਹਿੱਸਾ ਪਾਇਆ ਤੇ ਦੇਸ਼ ਨੂੰ ਆਜ਼ਾਦ ਕਰਵਾਇਆ । ਅੱਜ ਜਦ ਬਹੁਸੰਮਤੀ ਦੀ ਬਿਨਾਅ ਤੇ ਇਹ ਲੋਕ ਰਾਜ-ਸੱਤਾ ਸੰਭਾਲ ਬੈਠੇ ਤਾਂ ਸਿਖਾਂ ਨੂੰ ਮੱਤਾਂ ਦੇਣ ਲੱਗ ਪਏ—ਧਰਮ ਤੇ ਰਾਜਨੀਤੀ ਵੱਖ ਵੱਖ ਹਨ, ਸ਼ਸਤਰ ਰੱਖਣਾ ਠੀਕ ਨਹੀਂ, ਬਤੌਰ ਸਿਖ ਸੋਚਣਾ ਠੀਕ ਨਹੀਂ, 'ਰਾਜ ਕਰੇਗਾ ਖਾਲਸਾ' ਦਾ ਪਾਠ ਫਿਰਕੂ ਗੱਲ ਹੈ, ਆਦਿਕ। ਆਪਣੀ ਧਾਰਮਕ ਮਰਯਾਦਾ ਅਨੁਸਾਰ ਹੀ ਖਾਲਸਾ ਸ਼ਸਤਰਧਾਰੀ ਹੈ। ਚੂੰਕਿ ਇਸਦਾ ਬਾਣਾ ਸਭ ਤੋਂ ਵੱਖਰਾ ਹੈ, ਇਸ ਕਰਕੇ ਇਹ ਵੱਖਵਾਦੀ ਹੈ। ਇਸ ਤਰ੍ਹਾਂ ਮੌਜੂਦਾ ਹਿੰਦੂ ਸਾਮਰਾਜ, ਜਮਹੂਰੀਅਤ ਤੇ ਕੌਮ-ਪ੍ਰਸਤੀ ਦਾ ਜਾਮਾ ਪਾ ਕੇ ਸਰਬੱਤਵਾਦੀ ਸੁਤੰਤਰ ਖਾਲਸੇ ਨੂੰ ਛੁਟਿਆਉਣ ਤੇ ਦਬੇਲ ਬਣਾਉਣ ਤੇ ਤੁਲ ਪਿਆ।

ਫਿਰਕਾਪ੍ਰਸਤੀ ਸਾਡਾ ਫਲਸਫਾ ਨਹੀਂ, ਸ਼ਰ੍ਹਈ ਲੋਕਾਂ ਵਾਂਗ ਨਾ ਸਿਖ ਕੱਟਰ ਹਨ, ਅਤੇ ਨ ਕੱਚੇ ਪਿੱਲਿਆਂ ਵਾਂਗ ਦਬਤੂ-ਘੁਸੜੂ। ਇਹਨਾਂ ਦਾ ਇਸ਼ਟ, ਧਰਮ ਗੁਰੂ, ਧਰਮ-ਗਰੰਥ, ਸੰਗਤ-ਪੰਗਤ ਲੰਗਰ ਸਭ ਕੁਝ ਸਾਂਝਾ ਹੈ। ਇਸੇ ਸਾਂਝੀਵਾਲਤਾ ਸਦਕੇ ਕੀ ਪੂਰਬ ਤੇ ਕੀ ਪੱਛਮ, ਦੁਨੀਆ ਦੇ ਕੋਨੇ ਕੋਨੇ ਵਿਚ ਸਿਖ ਆਪਣੀ ਵਿਲੱਖਣਤਾ ਤੇ ਸਰਬੋਚੱਤਾ ਦਾ ਝੰਡਾ ਝੁਲਾ ਰਿਹਾ ਹੈ। ਉਹ ਚੜ੍ਹਦੀ ਕਲਾ ਵਿਚ ਇਸੇ ਕਰਕੇ ਹੈ ਕਿ ਸਰਬੱਤ ਦਾ ਭਲਾ ਉਸਦਾ ਸਿਧਾਂਤ ਹੈ। ਖਾਲਸਾ ਪੰਥ ਤਿਆਗੀਆਂ ਵੈਰਾਗੀਆਂ ਸਾਧਾਂ ਦਾ ਪੰਥ ਨਹੀਂ, ਇਹ ਸਰਬਲੋਹੀ ਸੰਤ ਸਿਪਾਹੀਆਂ ਦੀ ਜਮਾਤ ਹੈ, ਜਿਸ ਦਾ ਮਿਸ਼ਨ ਸਰਬੱਤ ਦਾ ਭਲਾ ਹੈ। ਮਨੁੱਖ ਮਾਤਰ ਦੀ ਸੇਵਾ ਹੈ ਤੇ ਰਾਜਨੀਤਕ ਸ਼ਕਤੀ ਪ੍ਰਾਪਤ ਕਰ ਕੇ ਵੀ ਇਸੇ ਸੇਵਾ ਦੇ ਮਿਸ਼ਨ ਨੂੰ ਹਰ ਤਰ੍ਹਾਂ ਸੰਪੂਰਨ ਕਰਨਾ ਹੈ।

**ਏਕਤਾ-ਭੰਗੀ ਕੌਣ—**

ਸਰਕਾਰੀ ਧਿਰ ਇਹ ਵੀ ਬਾਰ ਬਾਰ ਕਹਿ ਰਹੀ ਹੈ ਕਿ ਅਸੀਂ ਸਭ ਕੁਝ ਦੇਸ਼ ਦੀ ਅਖੰਡਤਾ ਤੇ ਏਕਤਾ ਲਈ ਕਰ ਰਹੇ ਹਾਂ, ਜਦੋਂ ਕਿ ਝਾਤੀ ਮਾਰੀ ਜਾਵੇ ਤਾਂ ਪਤਾ ਲਗੇਗਾ ਕਿ ਸਭ ਤੋਂ ਪਹਿਲਾਂ ਕਾਂਗ੍ਰਸ ਨੇ ਹੀ ਰਾਜਸੱਤਾ ਲੈਣ ਦੇ ਲੋਭ ਵਿਚ ਆ ਕੇ ਦੇਸ਼ ਦੀ ਵੰਡ ਪਰਵਾਨ ਕੀਤੀ ਅਤੇ ਇਸ ਦੀ ਅਖੰਡਤਾ ਤੇ ਏਕਤਾ ਨੂੰ ਭੰਗ ਕਰਨ ਦੇ ਹਿੱਸੇਦਾਰ ਬਣੇ। ਫਿਰ ਜੇਕਰ ਐਸਾ ਹੀ ਹੋ ਗਿਆ ਸੀ ਤਾਂ ਸਾਨੂੰ ਕੌਮਾਂਤਰੀ ਨੇਮਾਂ ਅਨੁਸਾਰ ਦੂਜੇ ਗੁਆਂਢੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਵੀ ਬਰਕਰਾਰ ਰਹਿਣ ਦੇਣਾ ਚਾਹੀਦਾ ਸੀ। ਲੇਕਿਨ ਕਾਂਗਰਸ ਸਰਕਾਰ ਨੇ ਕੂਟਨੀਤੀ ਵਰਤ ਕੇ ਅਤੇ ਕਰੋੜਾਂ ਰੁਪਈਆਂ ਦਾ ਫ਼ੌਜੀ ਖਰਚ ਦਾ ਬੋਝ ਦੇਸ਼ ਸਿਰ ਪਾ ਕੇ ਪਾਕਿਸਤਾਨ ਦੀ ਏਕਤਾ ਭੰਗ ਕੀਤੀ ਅਤੇ 'ਬੰਗਲਾ ਦੇਸ਼' ਵਜੂਦ ਵਿਚ ਲਿਆਂਦਾ। ਅਸੀਂ ਆਪਣੀ ਅਖੰਡਤਾ ਤੇ ਏਕਤਾ ਲਈ ਤਾਂ ਕੂਕ ਪੁਕਾਰ ਰਹੇ ਹਾਂ, ਲੇਕਿਨ ਗੁਆਂਢੀ ਦੇਸ਼ ਨੂੰ ਖੰਡਤ ਕਰ ਕੇ ਦੂਜੇ ਦੇ ਘਰ ਅੱਗ ਲਾ ਕੇ ਆਪਣੇ ਆਪ ਨੂੰ ਬਚਾਉਣਾ ਚਾਹੁੰਦੇ ਹਾਂ। ਪਾਕਿਸਤਾਨ ਨੇ ਇਸ ਹਾਨੀਕਾਰਕ ਸਾਜ਼ਸ਼ ਦਾ ਬਦਲਾ ਲੈਣ ਲਈ ਪੰਜਾਬ ਵਿਚ ਗੜਬੜ ਸ਼ੁਰੂ ਕਰਾ ਦਿਤੀ ਤੇ ਸਿਖ ਭੇਸ ਵਿਚ ਮੁਸਲਿਮ ਜਾਸੂਸ ਭੇਜ ਕੇ ਲੁੱਟਮਾਰ ਤੇ ਕਤਲੇਆਮ ਦੀ ਲਹਿਰ ਚਲਾ ਦਿਤੀ। ਇਉਂ ਝੋਟਿਆਂ ਦੇ ਭੇੜ ਵਿਚ ਪੰਜਾਬ ਤਬਾਹੀ ਦਾ ਸ਼ਿਕਾਰ ਹੁੰਦਾ ਗਿਆ। ਇਹ ਹਿੰਦ ਸਰਕਾਰ ਦੀ ਜ਼ਿੰਮੇਵਾਰੀ ਸੀ ਕਿ ਉਹ ਨਜਾਇਜ਼ ਹਥਿਆਰਾਂ ਅਤੇ ਪਾਕਿਸਤਾਨ ਵਲੋਂ ਆਉਣ ਵਾਲੇ ਜਾਸੂਸਾਂ ਨੂੰ



www.AKJ.Org

ਰੋਕਦੀ ਤੇ ਵੇਲੇ ਸਿਰ ਦੇਸ਼ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕਰਦੀ, ਲੇਕਿਨ ਇਸ ਵਿਚ ਉਹ ਨਾਕਾਮਯਾਬ ਰਹੀ ਤੇ ਸਾਰਾ ਨਜ਼ਲਾ ਸਿੱਖ ਕੌਮ ਦੇ ਸਿਰ ਸੁਟਿਆ ਗਿਆ। ਇਹ ਅਸੰਭਵ ਨਹੀਂ ਕਿ ਸਰਕਾਰੀ ਅਤਿਆਚਾਰ ਦੇ ਮਾਰੇ ਕੁਝ ਸਿੱਖ ਨੌਜੁਆਨ ਵੀ ਇਸ ਦੁਖਦਾਈ ਨਾਟਕ ਦੇ ਹਿਸੇਦਾਰ ਬਣੇ ਹੋਣ, ਪਰ ਹਿੰਦ ਸਰਕਾਰ ਨੇ ਇਸ ਗੱਲ ਨੂੰ ਰਤੀ ਭਰ ਨਹੀਂ ਮਹਿਸੂਸ ਕੀਤਾ ਕਿ ਆਖ਼ਰ ਉਹ ਕੀ ਕਾਰਨ ਹਨ ਕਿ ਇਸ ਦੇਸ਼-ਭਗਤ ਕੌਮ ਦੇ ਨੌਨਿਹਾਲ ਇਸ ਤਰ੍ਹਾਂ ਕਿਉਂ ਪ੍ਰਤਿਕ੍ਰਿਆਵਾਦੀ ਹੋ ਗਏ ਹਨ। ਇਸਦਾ ਇਕੋ ਇਕ ਸਹੀ ਹੱਲ ਸੀ ਕਿ ਅਸਲ ਰੋਗ ਨੂੰ ਸਮਝਿਆ ਜਾਂਦਾ ਅਤੇ ਪੰਜਾਬ ਦੇ ਜਮਹੂਰੀ ਹੱਕਾਂ ਦਾ ਫ਼ੌਰਨ ਫ਼ੈਸਲਾ ਕੀਤਾ ਜਾਂਦਾ।

**ਅਰਦਾਸ–**

ਕਮਾਲ ਤਾਂ ਇਹ ਹੈ ਕਿ ਇਕ ਪਾਸੇ ਲੋਕਤੰਤਰ ਦਾ ਚੋਲਾ ਪਾਇਆ ਹੋਇਆ ਹੈ ਤੇ ਦੂਜੇ ਪਾਸੇ ਲੋਕ-ਹਤਿਆ ਦਾ ਘੋਲ-ਮਚੋਲਾ ਮਚਾਇਆ ਹੋਇਆ ਹੈ, ਅਜਿਹੀ ਹਾਲਤ ਵਿਚ ਕੋਈ ਕਰੇ ਤਾਂ ਕੀ ਕਰੇ। ਇਕ ਅਕਾਲ ਪੁਰਖ ਅਗੇ ਅਰਦਾਸ ਹੀ ਹੈ ਜੋ ਸਿੱਖ ਦਾ ਧਰਵਾਸ ਬੰਨ੍ਹਾਉਂਦੀ ਹੈ :

ਹਮਰੇ ਦੁਸ਼ਟ ਸਭੇ ਤੁਮ ਘਾਵਹੁ ॥ ਆਪੁ ਹਾਥ ਦੇ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੇ ਕਰਤਾਰਾ ॥੨੫॥

ਅਜੀਤ, ੨੦-੮-੮੫ [ਪਾ: ੧੦ ਕਬਿਯੋ ਬਾਚ ਬੇਨਤੀ ਚੌਪਈ

---

# ਗੁਰਮੁਖਿ ਗਾਡੀ ਰਾਹੁ ਚਲੰਦਾ

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰ ਨਾਵੰਦਾ ॥
ਗੁਰ ਕੈ ਬਚਨ ਉਚਾਰਿ ਕੈ ਧਰਮਸਾਲਾ ਦੀ ਸੁਰਤਿ ਕਰੰਦਾ ॥
ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ ॥
ਸੰਕਾ ਮਨਹੁ ਮਿਟਾਇ ਕੈ, ਗੁਰਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ ॥
ਕਲੀਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ ॥
ਗੁਰਮੁਖਿ ਗਾਡੀ ਰਾਹੁ ਚਲੰਦਾ ॥ ੧੧ ॥ [ਭਾਈ ਗੁਰਦਾਸ ਜੀ, ਵਾਰ ੪੦

# ਪੁਰਾਤਨ ਗੁਰਸਿੱਖਾਂ ਦੀ ਰਹੁ-ਰੀਤ

[ਪੰਥ ਪ੍ਰਕਾਸ਼ ਵਿਚੋਂ]

ਹੁਤੇ ਸਿੰਘ ਸਭ ਹੀ ਸੰਤੋਖੀ, ਗੁਰੂ ਬਿਹਾਰ ਨਿਬਾਹਤ।
ਮਤਸਰ ਕਰਤ ਨ ਕੋਇ ਕਾਹਿ ਸੋਂ, ਜਤ ਸਤ ਹਠ ਤਪ ਚਾਹਤ।
ਆਪਸ ਮਾਂਹਿ ਪਿਆਰ ਸਭ ਰਾਖੈਂ, ਜੈਸ ਸਹੋਦਰ ਭਾਈ।
ਪੇਖ ਸਿੰਘ ਕੋ ਸਿੰਘ ਖੁਸ਼ੀ ਹੋਵੈ, ਕਰੈਂ ਸੇਵ ਅਧਿਕਾਈ।
ਜਬ ਕਿਛ ਤਿਆਰ ਕਰਤ ਹਿਤ ਖਾਨੇ, ਦੇਤ ਅਵਾਜ਼ਾ 'ਭੂਖਾ ਕੋਈ'?
ਆਓ, ਦੇਗ ਤਿਆਰ ਗੁਰੂ ਹੋਈ।
ਓਸ ਸਮੇਂ ਬੈਰੀ ਕਿਨ ਆਵੈਂ, ਪਰਮ ਮੀਤ ਸਮ ਤਾਂਹਿ ਛਕਾਵੈਂ।
ਬੈਰੀ ਮਿਤਰ ਕੋ ਸਮ ਦੈ ਹੈਂ, ਬਚੇ ਤੋ ਪੀਛੇ ਖੁਦ ਖਾ ਲੈ ਹੈਂ।
ਨਹਿ ਤੇ 'ਲੰਗਰ ਮਸਤ ਬਤੈ ਹੈਂ', ਚੈਨ ਰੈਨ ਦਿਨ ਕਿਤੇ ਨ ਲੈ ਹੈਂ।

www.AKJ.Org

# ਉਠ ਜਾਗ ਤੇ ਵਿਰਸਾ ਸੰਭਾਲ ਸਿੰਘਾ !

ਵਲੋਂ :—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ)

ਸਿੰਘਾ ! ਜੱਗ ਦੇ ਸਾਰੇ ਇਤਿਹਾਸ ਅੰਦਰ, ਥਾਂ ਥਾਂ ਚਿਤਰਿਐ ਰੰਗਲਾ ਬਾਬ ਤੇਰਾ।
ਦੇਸ਼ ਖ਼ਾਤਰ ਜੋ ਜਿੰਦੜੀਆਂ ਵਾਰੀਆਂ ਤੂੰ, ਖ਼ੂਨ ਡੁਲਿਐ ਬੇ-ਹਿਸਾਬ ਤੇਰਾ।

ਹਰ ਮੋਰਚੇ ਤੇ ਅਗੇ ਵਧ ਵਧ ਕੇ, ਦੇਸ਼ ਲਈ ਲੱਖਾਂ ਜਾਨਾਂ ਵਾਰੀਆਂ ਤੂੰ।
ਕਦੀ ਨਾਲ ਆਰਾਮ ਦੇ ਬੈਠਿਓਂ ਨਾ, ਸੇਜਾਂ ਕੀਤੀਆਂ ਕਦੀ ਨ ਪਿਆਰੀਆਂ ਤੂੰ।

ਜੌਹਰ ਤੇਰੀ ਤਲਵਾਰ ਦੇ ਵੇਖ ਕੇ ਤੇ, ਵੈਰੀ ਕਰਦੇ ਤਾਰੀਫ਼ ਨਾ ਉੱਕਦੇ ਸਨ।
ਤਕ ਤਕ ਤੇਰੇ ਬਹਾਦਰੀ ਕਾਰਨਾਮੇ, ਤੇਰੇ ਦੁਸ਼ਮਨ ਵੀ ਉਂਗਲਾਂ ਟੁੱਕਦੇ ਸਨ।

ਮਸਤ ਹਾਥੀਆਂ ਤਾਈਂ ਪਛਾੜ ਦਿੱਤਾ, ਜਦੋਂ ਵੜਿਓਂ ਤੂੰ ਰਣ-ਘਮਸਾਨ ਅੰਦਰ।
ਦੁਸ਼ਮਨ ਦਲਾਂ ਦੇ ਓਦੋਂ ਪਰਖਚੇ ਉੱਡੇ, ਹੱਥ ਪਾਇਆ ਤੂੰ ਜਦੋਂ ਕਿਰਪਾਨ ਅੰਦਰ।

ਤੇਰੇ ਚੇਹਰੇ ਤੇ ਬੀਰਤਾ ਨਾਚ ਕਰਦੀ, ਤੇਰੇ ਮੱਥੇ ਤੇ ਚਮਕਦਾ ਨੂਰ ਹੁੰਦਾ।
ਤੇਰੇ ਰੂਪ ਜਲਾਲੀ ਨੂੰ ਵੇਖ ਵੈਰੀ, ਸੁਟਣ ਲਈ ਹਥਿਆਰ ਮਜਬੂਰ ਹੁੰਦਾ।

ਤੇਰੀ ਚੜ੍ਹਤਲ ਨੂੰ ਵੇਖ ਕੇ ਜ਼ਿਮੀ ਕੰਬਦੀ, ਬੋਲਾਂ ਨਾਲ ਕੰਬਦਾ ਆਸਮਾਨ ਹੈਸੀ।
ਵੈਰੀ ਦਲਾਂ ਵਿਚ ਵੜੇਂ ਨਿਡਰ ਹੋ ਕੇ, ਸੀਨੇ ਤੇਰੇ ਵਿਚ ਏਤਨਾ ਤਾਣ ਹੈਸੀ।

ਕਦੀ 'ਸਿੰਘ ਬਘੇਲ' ਦੇ ਰੂਪ ਅੰਦਰ, ਜੇਤੂ ਦਿੱਲੀ ਦਾ ਤੂੰ ਸੂਰਬੀਰ ਹੈਸੇਂ।
ਠੁੱਡੇ ਮਾਰਦਾ ਡਿੱਠਾ ਨਵਾਬੀਆਂ ਨੂੰ, ਤੂੰ 'ਕਪੂਰ' ਸੂਰਤ ਆਤਮ-ਬੀਰ ਹੈਸੇਂ।

ਖੱਟੇ ਦੰਦ ਕੀਤੇ 'ਨਾਦਰ' ਵਰਗਿਆਂ ਦੇ, ਮਿਧਿਆ ਮਾਣ ਮਗ਼ਰੂਰ ਅਬਦਾਲੀਆਂ ਦਾ।
ਬੰਦੀਵਾਨ ਹਜ਼ਾਰਾਂ ਛੁੜਾ ਆਂਦੇ, ਹੈ ਇਤਿਹਾਸ ਸ਼ਾਹਿਦ ਲੱਜਾ-ਪਾਲੀਆਂ ਦਾ।

ਲਿੱਖੇ ਗਏ ਤਾਰੀਖ਼ ਵਿਚ ਕਾਰਨਾਮੇ, ਜ਼ਾਲਮ ਜਿਵੇਂ ਤੂੰ ਨਾਲ ਕਿਰਪਾਨ ਸੋਧੇ।
ਮੁੜ ਆਏ ਨਾ ਹੱਦਾਂ ਉਲਾਂਘ ਕੇ ਤੇ, ਵੈਰੀ ਜਿਵੇਂ ਤੂੰ ਮੁਗਲ ਪਠਾਣ ਸੋਧੇ।

ਜਿਵੇਂ ਖ਼ੈਬਰ ਬੋਲਾਨ ਦੇ ਦੱਰਿਆਂ ਨੂੰ, ਬਲੀ ਸਿਰਾਂ ਦੀ ਦੇ ਕੇ ਡੱਕਿਆ ਏ।
ਰੀਸ ਬੇਮਿਸਾਲ ਕੁਰਬਾਨੀਆਂ ਦੀ, ਕੋਈ ਹੋਰ ਨਾ ਜਗ 'ਚਿ ਕਰ ਸੱਕਿਆ ਏ।

ਦੇ ਕੇ ਆਬੇ ਹਯਾਤ ਦੇ ਪੰਜ ਚੁੱਲੇ, ਕਲਗੀ ਵਾਲੇ ਨੇ ਲਾਈ ਸੀ ਪਾਣ ਤੈਨੂੰ।
ਬਲ ਬਖਸ਼ਿਆ ਹੱਥ ਫੜਾ ਸ਼ਸਤਰ, ਕਹਿ ਕੇ 'ਖਾਲਸਾ' ਦਿੱਤਾ ਸੀ ਮਾਣ ਤੈਨੂੰ।

ਰਹਿਤ ਬਹਿਤ ਪ੍ਰਪਕ ਹੋ ਜਦੋਂ ਤੀਕਰ, ਰਹਿਓਂ ਵਿਚਰਦਾ ਤੂੰ ਸਾਵਧਾਨ ਹੋ ਕੇ।
ਰਹੀ ਚੁੰਮਦੀ ਸਫਲਤਾ ਕਦਮ ਤੇਰੇ, ਗਜਦਾ ਰਹਿਓਂ ਤੂੰ ਸ਼ੇਰ ਬਲਵਾਨ ਹੋ ਕੇ।

ਰੁੜ੍ਹ ਗਇਓਂ ਜਦ ਵਿਸ਼ਿਆਂ ਦੇ ਵਹਿਣ ਅੰਦਰ, ਸਿਖਿਆ ਗੁਰੂ ਦੀ ਭੁਲ ਭੁਲਾ ਗਈ ਏ।
ਤੇਰਾ ਉੱਡਿਆ ਜੋਸ਼ ਮਰਦਾਨਗੀ ਦਾ, ਹਾਲਤ ਸਮੇਂ ਦੀ ਰੰਗ ਵਿਖਾ ਗਈ ਏ।

ਉਠ ਜਾਗ ਤੇ ਵਿਰਸਾ ਸੰਭਾਲ 'ਮਿੱਤਰ', ਲਜਿਆਵਾਨ ਹੋ ਰਹੀ ਏ ਸਾਖ ਤੇਰੀ!
ਉੱਚੀ ਧੌਣ ਕਰ ਕੇ ਟੁਰਨ ਵਾਲਿਆ ਓਇ, ਅਣਖ ਜਾਏ ਨਾ ਕਿਤੇ ਧੁਆਖ ਤੇਰੀ!



www.AKJ.Org

# ਮੱਸੇ ਰੰਘੜ ਨੂੰ ਕਰਨੀ ਦਾ ਫਲ (੩)

(ਕੈਪਟਿਨ ਸਵਰਨ ਸਿੰਘ ਜੀ)

ਦਿਲੀ ਨੂੰ ਜਾਂਦਾ ਹੋਇਆ ਸ਼ਾਹੀ ਖਜ਼ਾਨਾ ਜਦ ਲਾਹੌਰੋਂ ੪੫ ਕੁ ਕਿਲੋਮੀਟਰ ਦੇ ਫ਼ਾਸਲੇ ਤੇ ਹੀ ਲੁਟਿਆ ਗਿਆ ਤਾਂ ਰੁਹੇਲੇ ਤੇ ਗਸ਼ਤੀ ਫ਼ੌਜ ਜੋ ਭਾਰੀ ਗਿਣਤੀ ਵਿਚ ਪੁਜ ਗਈ ਸੀ, ਉਹ ਸਾਰੇ ਨੂਰੁੱਦੀਨ ਦੀ ਸਰਾਂ ਪਾਸ ਇਕੱਠੇ ਹੋਏ ਤਾਂ ਬੜੇ ਰੋਹ ਤੇ ਜੋਸ਼ ਵਿਚ ਸਿੰਘਾਂ ਦਾ ਪਿਛਾ ਕਰਨ ਲੱਗੇ। ਬਹੁਤ ਜ਼ਿਆਦਾ ਕੋਸ਼ਿਸ਼ ਕਰਨ ਤੇ ਵੀ ਨਾ ਸਿੰਘ ਹੱਥ ਆਏ, ਨਾ ਹਥੋਂ ਗਿਆ ਖ਼ਜ਼ਾਨਾ। ਰੁਹੇਲਿਆਂ ਡੀਂਗਾਂ ਮਾਰੀਆਂ ਸਨ ਕਿ ਖਜ਼ਾਨਾ ਤਾਂ ਅਸੀਂ ਵਾਪਸ ਲੈ ਕੇ ਵਿਖਾਵਾਂਗੇ ਤੇ ਗੱਡੇ ਹੁਣ ਬੌਲਦ ਜੁਪ ਕੇ ਦਿਲੀ ਨਹੀਂ ਜਾਣਗੇ, ਸਗੋਂ ਸਿੰਘਾਂ ਨੂੰ ਕਾਬੂ ਕਰ ਕੇ ਉਨ੍ਹਾਂ ਨੂੰ ਗੱਡਿਆਂ ਅੱਗੇ ਜੋਅ ਕੇ ਦਿਲੀ ਲਿਜਾਵਾਂਗੇ। ਕੀਤੇ ਦੀ ਸਜ਼ਾ ਦਿਲੀ ਅੱਪੜ ਕੇ ਭੁਗਤਾਵਾਂਗੇ। ਰੁਹੇਲਿਆਂ ਤੇ ਫੌਜ ਨੇ ਜੰਗਲਾਂ ਬੇਲਿਆਂ ਦੇ ਦੁਆਲੇ ਤਾਂ ਬਥੇਰੀ ਖ਼ਾਕ ਛਾਣੀ, ਪਰ ਡਰਦੇ ਅੰਦਰ ਨਾ ਵੜਨ। ਚਾਰ ਕੁ ਦਿਨ ਇੰਜ ਝਖ ਮਾਰ ਕੇ ਫੌਜਾਂ ਲਾਹੌਰ ਨੂੰ ਵਾਪਸ ਪਰਤ ਗਈਆਂ।

ਮਾਝੇ ਤੇ ਰਿਆੜਕੀ ਦੇ ਇਲਾਕਿਆਂ ਵਿਚ ਜਦ ਲਾਹੌਰ ਸਰਕਾਰ ਦੇ ਪ੍ਰਬੰਧ ਦੀ ਸਿੰਘਾਂ ਹਥੋਂ ਬੁਰੀ ਦੁਰਦਸ਼ਾ ਹੋਈ ਤਾਂ ਇਸ ਦੀਆਂ ਖ਼ਬਰਾਂ ਦੂਰ ਨੇੜ ਫੈਲੀਆਂ, ਇਸ ਤੋਂ ਪ੍ਰਭਾਵਤ ਹੋ ਕੇ ਦਖਣ ਲਹਿੰਦੇ ਵਿਚ ਗੜਬੜ ਹੋ ਗਈ ਤੇ ਮਾਮਲੇ ਦੀ ਉਗ੍ਰਾਹੀ ਪੂਰੀ ਨਹੀਂ ਸੀ ਹੋ ਰਹੀ। ਦਲ ਖਾਲਸਾ ਸਤਲੁਜ ਪਾਰ ਕਰ ਕੇ ਮਾਲਵੇ ਵਿਚ ਜਾ ਪਹੁੰਚਿਆ ਤੇ ਸਾਰਾ ਮਾਲਵਾ ਉਗ੍ਰਾਹ ਲਿਆ। ਸਰਕਾਰੀ ਪ੍ਰਬੰਧ ਤਾਂ ਸਿਰਫ ਸ਼ਹਿਰ ਦੀਆਂ ਹੱਦਾਂ ਤਕ ਹੀ ਸੀਮਤ ਹੋ ਕੇ ਰਹਿ ਗਿਆ। ਸਰਕਾਰੀ ਖਜ਼ਾਨੇ ਲੁਟੇ ਗਏ। ਉਗ੍ਰਾਹੀ ਹੋਵੇ ਨਾ। ਗਸ਼ਤੀ ਫੌਜਾਂ ਨੂੰ ਵੀ ਕੋਈ ਖਾਸ ਕਾਮਯਾਬੀ ਨਾ ਹੁੰਦੀ ਵੇਖ ਕੇ ਸੂਬੇਦਾਰ ਨੇ ਸਹਾਇਤਾ ਲਈ ਦਿਲੀ ਦਰਬਾਰ ਨੂੰ ਵਾਸਤਾ ਪਾਇਆ।

## ਜ਼ਕਰੀਆ ਖਾਨ ਨੇ ਸਹਾਇਤਾ ਵਜੋਂ ਦਿਲੀ ਤੋਂ ਫ਼ੌਜ ਮੰਗਵਾਈ—

ਜ਼ਕਰੀਆ ਖਾਨ ਨੇ ਸ਼ਾਹ ਮੁਹੰਮਦ ਨੂੰ ਲਿਖ ਭੇਜਿਆ ਕਿ ਸਾਰੀ ਮਾਲ-ਗੁਜ਼ਾਰੀ ੮੦ ਗੱਡਿਆਂ ਉਤੇ ਲੱਦ ਕੇ ਆਪਣੀ ਵੀ ੪੦੦੦ ਫੌਜ ਨਾਲ ਤੋਰੀ ਸੀ ਅਤੇ ਰਖਵਾਲੀ ਲਈ ਬੜੀ ਸਖ਼ਤਾਈ ਕੀਤੀ ਸੀ, ਪਰ ਸਿਖਾਂ ਕਾਫਰਾਂ ਨੇ ਪੇਸ਼ ਨਹੀਂ ਜਾਣ ਦਿਤੀ। ਫੌਜ ਮਾਰ ਖਾ ਕੇ ਪਿਛੇ ਹਟ ਗਈ ਹੈ। ਖਜ਼ਾਨਾ ਲੁਟਿਆ ਗਿਆ ਹੈ। ਇਹ ਲੋਕ ਰਈਅਤ ਦੀ ਖੇਤੀ ਹੋਣ ਨਹੀਂ ਦੇਂਦੇ। ਐਸ ਵੇਲੇ ਦੇਸ਼ ਵਿਚ ਕਾਲ ਵਰਗੀ ਹਾਲਤ ਬਣੀ ਹੋਈ ਹੈ। ਪਰਜਾ ਏਨੀ ਨਿਰਧਨ ਹੋ ਗਈ ਹੈ ਕਿ ਮੁੜ ਮਾਲ-ਗੁਜ਼ਾਰੀ ਦਾ ਵਸੂਲ ਹੋਣਾ ਬਹੁਤ ਮੁਸ਼ਕਲ ਹੈ। ਜੇ ਤਕੜੀ ਫੌਜ ਨਾ ਆਈ, ਇਹ ਗ਼ਦਰ ਨਹੀਂ ਮੁਕਣਾ। ਇਸ ਦਾ ਛੇਤੀ ਤੋਂ ਛੇਤੀ ਪ੍ਰਬੰਧ ਕੀਤਾ ਜਾਵੇ।

ਬਾਦਸ਼ਾਹ ਨੂੰ ਸੁਣਦਿਆਂ ਸਾਰ ਅੱਗ ਲੱਗ ਗਈ। ਝਟ ਪਟ ੨੦ ਹਜ਼ਾਰ ਫੌਜ ਨਜੀਬ ਖਾਨ ਰੁਹੇਲੇ, ਸਫ਼ਦਰ ਜੰਗ ਖਾਨ ਤੇ ਮੁਨਅਮ ਖਾਨ ਵਰਗੇ ਤਾਕਤਵਰ ਫੌਜਦਾਰਾਂ ਨੂੰ ਦੇ ਕੇ ਪੰਜਾਬ ਵਲ ਸਿਖਾਂ ਦਾ ਨਾਮੋ ਨਿਸ਼ਾਨ ਮੇਟਣ ਵਾਸਤੇ ਤੋਰ ਦਿਤਾ।* ਇਹ ਗੱਲ ਸੰਮਤ ੧੭੮੭ ਬਿਕਰਮੀ (੧੭੩੦ ਈ:) ਦੀ ਹੈ। ਸਰਹੰਦ ਤੇ ਜਲੰਧਰ ਦਿਆਂ ਹਾਕਮਾਂ ਨੂੰ ਵੀ ਫੁਰਮਾਨ ਜਾਰੀ ਕੀਤੇ ਗਏ ਕਿ ਇਸ ਫੌਜ ਵਿਚ ਸ਼ਾਮਲ ਹੋਵੋ ਅਤੇ ਸਿਖਾਂ ਦਾ ਚੁਣ ਚੁਣ ਕੇ ਕਤਲ-ਏ-ਆਮ ਕਰ ਕੇ ਇਸ ਧਾੜਵੀ ਕੌਮ ਨੂੰ ਸਦਾ ਲਈ ਮਲੀਆਮੇਟ ਕਰ ਦਿਉ।

ਮਾਲਵੇ ਵਿਚ ਵਿਚਰਦਿਆਂ ਦਲ ਖਾਲਸਾ ਦਿਆਂ ਕੁਝ ਜਥਿਆਂ ਨੂੰ ਪਤਾ ਲੱਗ ਗਿਆ ਕਿ ਇਕ ਫੌਜ ਦਿਲੀ ਵਲੋਂ ਸਿੰਘਾਂ ਵਿਰੁਧ ਆ ਰਹੀ ਹੈ। ਉਨ੍ਹਾਂ ਸਰਹੰਦ ਦੀ ਜੂਹ ਵਿਚ ਅਪੜਦੀ ਨੂੰ ਕਰੜੇ ਹਥੀਂ ਲਿਆ ਤੇ ਛਾਪੇ ਮਾਰ ਮਾਰ ਕੇ ਉਸ ਦੀ ਮੰਦੀ ਹਾਲਤ ਕਰ ਦਿਤੀ। ਕੁਝ ਦੇਰ ਪਿਛੋਂ ਸਰਹੰਦ, ਮਲੇਰ ਕੋਟਲਾ ਤੇ ਜਲੰਧਰ

---

* ਗਿ: ਗਿਆਨ ਸਿੰਘ—ਤਵਾਰੀਖ ਗੁਰੂ ਖਾਲਸਾ, ਦਜਾ ਹਿਸਾ—ਸ਼ਮਸ਼ੇਰ ਖਾਲਸਾ, ਭਾਸ਼ਾ ਵਿਭਾਗ ਪੰਜਾਬ ਵਲੋਂ ਛਪਿਆ ੧੯੭੦ ਈ:, ਸਫ਼ਾ ੧੦੮



www.AKJ.Org

ਦੀਆਂ ਕੁਮਕਾਂ ਨਾਲ ਹੋ ਗਈਆਂ। ਫੌਜ ਆਪਣੀ ਸ਼ਾਹਾਨਾ ਚਾਲ ਨਾਲ ਕੂਚ ਕਰਦੀ ਹੋਈ ਤੇ ਛੋਟੀਆਂ ਛੋਟੀਆਂ ਮੰਜ਼ਲਾਂ ਕਰਦੀ ਆ ਰਹੀ ਸੀ ਕਿ ਸਿੰਘਾਂ ਉਸ ਦਾ ਖਹਿੜਾ ਛਡ ਕੇ ਅਗਲਵਾਂਢੀ ਹੋ ਕੇ ਸਤਲੁਜ ਤੇ ਬਿਆਸ ਦਰਿਆਵਾਂ ਨੂੰ ਗਾਹਣਾਂ ਥਾਣੀ ਲੰਘ ਕੇ, ਜਿਨ੍ਹਾਂ ਤੋਂ ਦਲ ਖਾਲਸਾ ਪੂਰੀ ਤਰ੍ਹਾਂ ਜਾਣੂੰ ਹੁੰਦਾ ਸੀ, ਗੋਇੰਦਵਾਲ ਤੇ ਹਰੀਕਾ ਪਤਣ ਆਣ ਮੱਲੇ। ਫੌਜ ਨੇ ਤਾਂ ਬੇੜੀਆਂ ਥਾਣੀਂ ਦਰਿਆ ਪਾਰ ਕਰਨਾ ਸੀ। ਇਨ੍ਹਾਂ ਥਾਵਾਂ ਤੇ ਬੜੀ ਮਾਰ ਧਾੜ ਮੱਚੀ। ਚੌਥੇ ਦਿਨ ਸਾਰੀ ਫੌਜ ਪਾਰ ਉਤਰਨ ਵਿਚ ਕਾਮਯਾਬ ਹੋ ਗਈ; ਪਰ ਕਾਫ਼ੀ ਜਾਨੀ ਨੁਕਸਾਨ ਕਰਵਾ ਕੇ। ਹੁਣ ਇਸ ਫੌਜ ਨਾਲ ਲਾਹੌਰ ਦੀ ਗਸ਼ਤੀ ਫੌਜ ਰਲ ਗਈ। ਸਥਾਨਿਕ ਸੂਹੀਏ ਇਸ ਦੀ ਅਗਵਾਈ ਨੂੰ ਆ ਗਏ। ਸਾਰਾ ਮਾਝਾ ਕਤਲਗਾਹ ਬਣ ਗਿਆ। ਅਮਨ ਚੈਨ ਨਾਲ ਖੇਤੀ ਬਾੜੀ ਕਰਨ ਵਾਲੇ ਵੀ ਨਾ ਛੱਡੇ ਗਏ। ਜੋ ਸਮੇਂ ਸਿਰ ਪਤਾ ਲਗਣ ਤੇ ਰਾਠ ਸਿੰਘਾਂ ਵਾਂਗ ਜੰਗਲ-ਬੇਲੀਂ ਜਾ ਛੁਪੇ ਬਚ ਗਏ. ਜੋ ਕਾਬੂ ਆ ਗਿਆ ਬਗ਼ੈਰ ਕਿਸੇ ਪੁਛ ਪੜਤਾਲ ਤੋਂ ਪਾਰ ਬੁਲਾ ਦਿਤਾ ਗਿਆ। ਸਿਖ ਹੋਣਾ ਹੀ ਕਾਫ਼ੀ ਵੱਡਾ ਜੁਰਮ ਸੀ। ਸਾਰਾ ਮਾਝਾ ਰਿਆੜਕੀ ਤੇ ਲਹਿੰਦਾ ਬਰਬਾਦ ਹੋ ਗਿਆ। ਇਸ ਰਲਵੀਂ ਫੌਜ ਨੇ ਮੁਲਤਾਨ ਤਕ ਹੂੰਝਾ ਫੇਰ ਸੁਟਿਆ। ਦਾੜ੍ਹੀ ਕੇਸਾਂ ਵਾਲਾ ਸਿਖ ਅਸਿਖ ਜੋ ਢਹੇ ਚੜ੍ਹਿਆ, ਮੌਤ ਦੇ ਘਾਟ ਉਤਾਰ ਦਿਤਾ। ਇਹ ਤਿੰਨ ਕੁ ਮਹੀਨਿਆਂ ਦੀ ਮੁਹਿੰਮ ਸੀ। ਜ਼ਕਰੀਆ ਖਾਨ ਨੇ ਆਪਣੀ ਤਰਫੋਂ ਸਾਰੇ ਸਿਖ ਮੁਕਾ ਦਿਤੇ ਤੇ ਸਹਾਇਤਾ ਲਈ ਦਿਲੀਓਂ ਆਈ ਫੌਜ ਨੂੰ ਧੰਨਵਾਦ ਕਰ ਕੇ ਵਾਪਸ ਮੋੜ ਦਿਤਾ ਤੇ ਬਾਦਸ਼ਾਹ ਨੂੰ ਕਾਮਯਾਬੀ ਲਈ ਵਧਾਈ ਦਿਤੀ ਤੇ ਧੰਨਵਾਦ ਕੀਤਾ।

ਦਿਲੀ ਦੀ ਫੌਜ ਦੀ ਸਹਾਇਤਾ ਨਾਲ ਲਾਹੌਰ ਸਰਕਾਰ ਨੇ ਜੋ ਦਬਦਬਾ ਕਾਇਮ ਕਰ ਲਿਆ ਸੀ, ਉਹ ਬਹੁਤੀ ਦੇਰ ਤਕ ਬਣਿਆ ਨਾ ਰਹਿ ਸਕਿਆ। ਕੁਝ ਦੇਰ ਪਿਛੋਂ ਸਿੰਘਾਂ ਨੇ ਫੇਰ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ। ਥੋੜੇ ਸਮੇਂ ਵਿਚ ਹੀ ਹਾਲ ਫਿਰ ਪਹਿਲਾਂ ਵਾਲਾ ਹੀ ਹੋ ਗਿਆ। ਹੁਣ ਤਕ ਬਚਿਆ ਆ ਰਿਹਾ ਮਾਲਵਾ ਵੀ ਸਿਖਾਂ ਦੀ ਮਾਰ ਥਲੇ ਆ ਗਿਆ। ਮਾਲਵੇ ਵਿਚ ਵੱਡੇ ਵੱਡੇ ਮੁਸਲਮਾਨ ਰਾਜਪੂਤਾਂ ਜਗੀਰਦਾਰਾਂ ਤੇ ਸਰਦਾਰਾਂ ਦਾ, ਜੋ ਜ਼ਿਆਦਾ ਤਰ ਮੰਝ ਤੇ ਭੱਟੀ ਗੋਤਾਂ ਦੇ ਸਨ, ਬੜਾ ਜ਼ੋਰ ਸੀ ਤੇ ਇਨ੍ਹਾਂ ਦੀ ਸਰਦਾਰ ਆਲਾ ਸਿੰਘ ਫੂਲਕਾ ਪਟਿਆਲੇ ਵਾਲੇ ਨਾਲ ਤਕੜੀ ਖਹਿ ਸੀ। ਇਹ ਹਮੇਸ਼ਾ ਆਨੇ ਬਹਾਨੇ ਉਸ ਨੂੰ ਤੰਗ ਕਰਦੇ ਰਹਿੰਦੇ ਸਨ ਤੇ ਉਸ ਦੇ ਇਲਾਕੇ ਵਿਚ ਲੁਟ ਮਾਰ ਮਚਾਈ ਰਖਦੇ ਸਨ। ੧੭੯੯ ਬਿਕ: ਦੀ ਗੱਲ ਹੈ ਕਿ ਮੰਝ ਰਾਜਪੂਤਾਂ (ਰੰਘੜਾਂ) ਨੇ ਦੀਨ ਦੇ ਨਾਂ ਤੇ ਪੱਲਾ ਫੇਰ ਕੇ ਇਕ ਤਕੜਾ ਇਕੱਠ ਕਰਕੇ ਬਿਸਤ ਦੁਆਬ ਦੇ ਫੌਜਦਾਰ ਅਸਦ ਅਲੀ ਖਾਨ ਅਤੇ ਮਲੇਰ ਕੋਟਲੀਏ ਅਫਗਾਨ ਜਮਾਲ ਖਾਨ ਦੀ ਸਹਾਇਤਾ ਨਾਲ ਸਰਦਾਰ ਆਲਾ ਸਿੰਘ ਫੂਲਕੇ ਨੂੰ, ਜਦ ਕਿ ਉਹ ਬਰਨਾਲੇ ਵਿਚ ਸੀ, ਜਾ ਘੇਰਿਆ। ਭੱਟੀ ਸਰਦਾਰ ਵੀ ਇਨ੍ਹਾਂ ਮਜਾਹਦਾਂ ਦੀ ਸਹਾਇਤਾ ਨੂੰ ਆਣ ਪੁੱਜੇ। ਦੇਵਨੇਤ ਨਾਲ ਤਰੁਣਾ ਦਲ ਇਸ ਵੇਲੇ ਮਾਲਵੇ ਵਿਚ ਜੈਤੋ ਤੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਚਾਲੇ ਵਿਚਰ ਰਿਹਾ ਸੀ। ਸ: ਆਲਾ ਸਿੰਘ ਨੇ ਪੇਸ਼ ਨਾ ਜਾਂਦੀ ਵੇਖ ਕੇ ਦਲ ਖਾਲਸੇ ਪਾਸ ਫ਼ੌਰੀ ਸਹਾਇਤਾ ਲਈ ਮਿੰਨਤ ਕਰਨ ਲਈ ਆਪਣੇ ਆਦਮੀ ਭੇਜ ਦਿਤੇ। ਤਰੁਣਾ ਦਲ ਦੇ ਸ: ਦੀਪ ਸਿੰਘ (ਸ਼ਹੀਦ ਮਿਸਲ ਦੇ ਆਗੂ ਤੇ ਪਿਛੋਂ ਬਾਬਾ ਦੀਪ ਸਿੰਘ ਸ਼ਹੀਦ ਕਰ ਕੇ ਜਾਣੇ ਗਏ) ਦੀ ਅਗਵਾਈ ਵਿਚ ਤਰੁਣਾ ਦਲ ਖੇਸ਼ਗਈ ਪਠਾਣਾਂ, ਮੰਝਾਂ ਅਤੇ ਭਟੀਆਂ ਉਤੇ ਜਾ ਪਿਆ। ਅਗੋਂ ਮੁਸਲਮਾਨ ਸੂਰਮੇ ਵੀ ਜੀਅ ਤੋੜ ਕੇ ਲੜੇ, ਪਰ ਸਿੰਘਾਂ ਦੀ ਤੇਗ ਅਗੇ ਖਲੋ ਨਾ ਸਕੇ। ਅਧੇ ਕੁ ਪਹਿਰ ਦੀ ਲੜਾਈ ਪਿਛੋਂ ਮੈਦਾਨ ਛੱਡ ਕੇ ਜਾਨਾਂ ਬਚਾਉਣ ਲਈ ਨੱਸ ਤੁਰੇ। ਦਲ ਖਾਲਸਾ ਵਾਪਸ ਮੁੜਦਾ ਹੋਇਆ ਸ: ਆਲਾ ਸਿੰਘ ਨੂੰ ਭਰੋਸਾ ਦੇ ਆਇਆ ਕਿ ਜੇ ਮੰਝ ਭਟੀ ਖੇਸ਼ਗਈ ਆਦਿ ਨਾਲ ਲੜਨ ਦੀ ਲੋੜ ਪਵੇ, ਖਾਲਸਾ ਜੀ ਨੂੰ ਯਾਦ ਕਰ ਲਿਆ ਕਰਨਾ, ਉਹ ਵੈਰੀਆਂ ਨੂੰ ਸੋਧ ਦਿਆ ਕਰਨਗੇ। ਯਾਦ ਰਹੇ ਕਿ ਸ: ਆਲਾ ਸਿੰਘ ਨੇ ਜੋ ਆਪਣੇ ਰਾਜ ਦੀਆਂ ਹੱਦਾਂ ਵਧਾਈਆਂ ਸਨ, ਉਹ ਇਨ੍ਹਾਂ ਜਰਵਾਣੇ ਮੰਝਾਂ ਤੇ ਭਟੀਆਂ ਨੂੰ ਹੀ ਧਕ ਧਕ ਕੇ ਵਧਾਈਆਂ ਸਨ। ਇਸ ਦਾ ਕਾਰਨ ਦਲ ਖਾਲਸੇ ਦੀ ਸਹਾਇਤਾ ਦਾ ਆਸਰਾ ਸੀ।

ਪੰਜਾਬ ਤੇ ਮਾਲਵੇ ਵਿਚ ਜੋ ਬਦਅਮਨੀ ਦੀ ਹਾਲਤ ਪਸਰ ਗਈ ਸੀ, ਤੇ ਜਿਸ ਕਰਕੇ ਸ਼ਾਹੀ ਖਜ਼ਾਨਿਆਂ ਦੀ ਆਵਾ-ਜਾਈ ਵੀ ਸੁਰੱਖਿਅਤ ਨਹੀਂ ਸੀ, ਇਹ ਕੁਦਰਤੀ ਗੱਲ ਸੀ ਕਿ ਇਸ ਤੋਂ ਦਿਲੀ ਦਾ ਬਾਦਸ਼ਾਹ ਗੁੱਸੇ ਵਿਚ


www.AKJ.Org

ਆਉਂਦਾ ਤੇ ਜ਼ਕਰੀਆ ਖਾਨ ਦੇ ਨਾਲ ਨਾਰਾਜ਼ ਹੁੰਦਾ। ਜ਼ਕਰੀਆ ਖਾਨ ਆਪਣਾ ਪੂਰਾ ਬਲ ਸਿੰਘਾਂ ਦੇ ਵਿਰੁਧ ਲਾ ਚੁਕਾ ਸੀ। ਉਨ੍ਹਾਂ ਨੂੰ ਉਹ ਮੁਕਾ ਨਾ ਸਕਿਆ। ਉਸਦੇ ਸਾਰੇ ਜਬਰ ਜ਼ੁਲਮ ਦੇ ਹਥਿਆਰ ਖੁੰਢੇ ਹੋ ਚੁਕੇ ਸਨ ਤੇ ਉਹ ਪੂਰੀ ਤਰ੍ਹਾਂ ਅੱਕ ਥੱਕ ਗਿਆ ਸੀ। ਪਹਿਲਾਂ ਤਾਂ ਬਾਦਸ਼ਾਹ ਨੂੰ ਭਰੋਸਾ ਸੀ ਕਿ ਉਸਦੀ ਫੌਜ ਤੇ ਪੰਜਾਬ ਦੀਆਂ ਫ਼ੌਜਾਂ ਰਲ ਕੇ ਬਾਗੀ ਸਿਖਾਂ ਨੂੰ ਕੁਚਲ ਦੇਣਗੀਆਂ। ਪਰ ਉਸ ਦੀ ਭੇਜੀ ਹੋਈ ਫ਼ੌਜ ਨਾਕਾਮ ਤੇ ਗਿਣਤੀ ਵਿਚ ਕਾਫੀ ਘਟ ਵਾਪਸ ਆਈ। ਅਫਸਰਾਂ ਤੋਂ ਸੁਣਿਆ ਕਿ ਕਿਸ ਕਿਸ ਕਿਸਮ ਦਿਆਂ ਖ਼ਤਰਿਆਂ ਨਾਲ ਦੋ ਚਾਰ ਹੋਣਾ ਪਿਆ ਹੈ। ਜਿਨ੍ਹਾਂ ਜੰਗਲਾਂ ਤੇ ਛੰਭਾਂ ਵਿਚ ਦੀ ਫ਼ੌਜ ਲਈ ਗੁਜ਼ਰਨਾ ਮੁਸ਼ਕਲ ਹੈ, ਸਿੰਘਾਂ ਦੀ ਪਨਾਹਗਾਹ ਹੀ ਉਹ ਹਨ। ਜਿਥੇ ਖਾਣ ਪੀਣ ਨੂੰ ਕੋਈ ਰਸਦ ਪਾਣੀ ਨਹੀਂ ਲਭਦਾ, ਉਥੇ ਦੁਸ਼ਮਣ ਸਾਗ ਪਾਤ ਅਤੇ ਜੜੀ ਬੂਟੀਆਂ ਤੇ ਹੀ ਗੁਜ਼ਾਰਾ ਕਰਕੇ ਤੇ ਹਰ ਕਿਸਮ ਦੀ ਮੁਸੀਬਤ ਝਲ ਕੇ ਫ਼ੌਜਾਂ ਦਾ ਮੂੰਹ ਭੁਆ ਦੇਂਦੇ ਹਨ। ਹਰ ਪ੍ਰਕਾਰ ਦੀ ਥੁੜ ਹੁੰਦਿਆਂ ਹੋਇਆਂ ਵੀ ਉਹ ਮਾਯੂਸ ਨਹੀਂ ਹੁੰਦੇ। ਉਤੋਂ ਹਲੇ ਵੀ ਉਹਨਾਂ ਦੇ ਐਸੇ ਤਾਬੜ ਤੋੜ ਹੁੰਦੇ ਹਨ ਕਿ ਫੌਜ ਦੇ ਸੰਭਲਦਿਆਂ ਸੰਭਲਦਿਆਂ ਉਹ ਕਾਰਾ ਕਰ ਕੇ ਨਿਕਲ ਜਾਂਦੇ ਹਨ। ਫਿਰ ਐਸੇ ਅਲੋਪ ਹੋ ਜਾਂਦੇ ਹਨ ਕਿ ਉਹਨਾਂ ਦੀ ਕੋਈ ਦੱਸ ਧੁਖ ਹੀ ਨਹੀਂ ਪੈਂਦੀ। ਫਿਰ ਜਦ ਫੌਜ ਨੂੰ ਅਜ ਕੋਈ ਚਿਤ-ਚੇਤਾ ਵੀ ਨਹੀਂ ਹੁੰਦਾ, ਸਿਖਾਂ ਦਾ ਲਾਗੇ ਛਾਗੇ ਨਿਸ਼ਾਨ ਤੱਕ ਨਹੀਂ ਦਿਸਦਾ ਹੁੰਦਾ, ਇਹ ਝਾੜਾਂ ਬੂਟਿਆਂ ਵਿਚੋਂ ਹੀ ਨਿਕਲ ਕੇ ਫ਼ੌਜ ਦੇ ਕਿਸੇ ਹਿਸੇ ਤੇ ਛਾਪਾ ਮਾਰ ਕੇ ਵਢੋ ਟੁਕ ਕਰਕੇ ਜੋ ਹੱਥ ਆਇਆ, ਖੋਹ ਖਿੰਝ ਕੇ ਹਵਾ ਵਿਚ ਹੀ ਸਮਾ ਜਾਂਦੇ ਹਨ। ਵਹਿਮੀ ਫੌਜੀ ਅਫਸਰਾਂ ਨੇ ਆਪਣੀ ਹੱਡ-ਹਰਾਮੀ ਤੇ ਲਾਪ੍ਰਵਾਹੀ ਨੂੰ ਛਪਾਉਣ ਲਈ ਸਿਖਾਂ ਬਾਰੇ ਕਈ ਝੂਠ ਸੱਚ ਗੰਢ-ਗੰਢ ਕਹਾਣੀਆਂ ਸੁਣਾਈਆਂ ਕਿ ਬਾਦਸ਼ਾਹ ਨੂੰ ਯਕੀਨ ਹੋ ਜਾਵੇ ਕਿ ਇਹਨਾਂ ਬਾਗੀਆਂ ਵਿਰੁਧ ਮੁਹਿੰਮ ਤੇ ਚੜ੍ਹਨਾ ਕੋਈ ਆਸਾਨ ਕੰਮ ਨਹੀਂ ਹੈ। ਆਪਣੀਆਂ ਗੱਲਾਂ ਦਾ ਹੋਰ ਯਕੀਨ ਦਿਵਾਉਣ ਬਦਲੇ ਮੁਹੰਮਦ ਸ਼ਾਹ ਨੂੰ ਕਿਹਾ ਕਿ ਤੁਸੀਂ ਭੰਡਾਂ ਤੋਂ ਉਹਨਾਂ ਦੀਆਂ ਨਕਲਾਂ ਕਰਵਾ ਕੇ ਵੇਖ ਲਵੋ, ਹਜ਼ੂਰ ਨੂੰ ਯਕੀਨ ਹੋ ਜਾਵੇਗਾ ਕਿ ਵਾਹ ਕਿਸ ਬਲਾ ਨਾਲ ਪਿਆ ਹੋਇਆ ਹੈ। ਨਕਲ ਤੋਂ ਹੀ ਪਤਾ ਲਗ ਜਾਵੇਗਾ ਕਿ ਅਸਲ ਕੀ ਚੀਜ਼ ਹੈ।

ਬਾਦਸ਼ਾਹ ਦੇ ਦਿਲ ਨੂੰ ਗੱਲ ਲਗ ਗਈ। ਬਸ ਫੇਰ ਦੇਰ ਕਾਹਦੀ ਸੀ। ਭੰਡਾਂ ਨੂੰ ਹੁਕਮ ਹੋ ਗਿਆ। ਉਹਨਾਂ ਤਿਆਰੀ ਲਈ ਕੁਝ ਦਿਨਾਂ ਦੀ ਮੁਹਲਤ ਲਈ। ਇਹ ਨਕਲ ਜ਼ਬਾਨੀ ਕਲਾਮੀ ਨਹੀਂ ਸੀ, ਸਭ ਕੁਝ ਹਬੀ ਕਰਕੇ ਵਿਖਾਉਣਾ ਸੀ। ਨੁਕਸਾਨ ਤੇ ਖ਼ੂਨ ਖ਼ਰਾਬਾ ਬਾਦਸ਼ਾਹ ਤੋਂ ਉਹਨਾਂ ਪਹਿਲਾਂ ਹੀ ਮੁਆਫ਼ ਕਰਵਾ ਲਿਆ ਸੀ। ਕਿ ਅਨੰਦ ਪੂਰਾ ਤਾਂ ਹੀ ਆਵੇਗਾ ਜੇ ਕੁਝ ਨਾ ਕੁਝ ਅਸਲੀ ਰੂਪ ਵਿਚ ਹੋਵੇ। ਮੁਗ਼ਲੀਆ ਫ਼ੌਜ ਬਣਾਈ, ਵਧੀਆ ਘੋੜੇ, ਚੰਗਾ ਸਾਜ਼ੋ ਸਮਾਨ ਤੇ ਸੋਹਣੇ ਸ਼ਸਤਰ ਅਸਤਰ, ਇੰਨ ਬਿੰਨ ਫ਼ੌਜ ਵਾਂਗ ਹੀ। ਭੰਡ ਜੋ ਸਿੰਘ ਬਣੇ, ਗਲੋਂ ਤੇ ਪੈਰਾਂ ਤੋਂ ਨੰਗੇ, ਭੂਰੇ ਦੀ ਗਿਲਤੀ, ਜੰਗਾਲੇ ਤੇ ਟੁਟੇ ਭੱਜੇ ਹਥਿਆਰ, ਮਾੜੂਏ ਜਿਹੇ ਟਟੂ ਤੇ ਉਤੇ ਇਕ ਇਕ ਭੂਰਾ ਕਸਿਆ ਹੋਇਆ ਉਹਨਾਂ ਸਵਾਰੀ ਲਈ ਲਏ, ਬਹੁਤੇ ਪੈਦਲ ਹੀ ਹੋ ਗਏ। ਪਹਿਲੀ ਝਾਕੀ ਵਿਚ ਜੰਗਲਾਂ ਵਿਚ ਵਖਤ ਝਲਦੇ ਸਿੰਘ ਸਾਗ ਪਾਤ ਤੇ ਗੁਜ਼ਾਰਾ, ਆਪਸੀ ਗੱਲ ਬਾਤ ਵਿਚ ਚੜ੍ਹਦੀ ਕਲਾ ਵਾਲੇ ਗੜਗਜ ਬੋਲੇ, ਟਾਂਗੂਆਂ ਦੇ ਆ ਕੇ ਦਸਣ ਤੇ ਕਿ ਫਲਾਣੀ ਜਗ੍ਹਾ ਕਾਫਲਾ ਉਤਰਿਆ ਹੋਇਆ ਜਾਂ ਖਜ਼ਾਨਾ ਜਾ ਰਿਹਾ ਹੈ ਜਾਂ ਗਸ਼ਤੀ ਫ਼ੌਜ ਫਲਾਣੀ ਥਾਂ ਤੱਕ ਜਾ ਪਹੁੰਚੀ ਹੈ, ਸੁਣ ਕੇ ਉਹਨਾਂ ਨੂੰ ਕਿਵੇਂ ਚਾਅ ਚੜ੍ਹਦੇ ਹਨ ਤੇ ਸ਼ਬਖੂਨ ਦੀ ਵਿਉਂਤਬੰਦੀ ਕਰ ਕੇ ਉਸ ਲਈ ਤਿਆਰੀ ਕਿਵੇਂ ਕਰਦੇ ਹਨ। ਜਥੇਦਾਰਾਂ ਦੀ ਆਪਣੀ ਤਾਬੇ ਸਿੰਘਾਂ ਨੂੰ ਪਕਿਆਈ ਕਿ ਵੈਰੀ ਨੂੰ ਮਿਲਦੇ ਹੀ ਬਹਿਸ਼ਤਾਂ ਦੇ ਪ੍ਰਵਾਨੇ ਦੇਣੇ ਹਨ ਤੇ ਖੀਂਧੇ (ਮਾਇਆ ਤੇ ਲੀੜਾ ਲੱਤਾ) ਪਿਛੋਂ, ਪਰ ਸ਼ਸਤਰ ਅਤੇ ਅਰਾਕੇ ਪਹਿਲਾਂ ਕਾਬੂ ਕਰਨੇ ਹਨ। ਨਾਗਣ ਤੇ ਖੀਂਧਿਆਂ ਤੇ ਪੰਜਾ ਪਿਛੋਂ ਮਾਰਨਾ ਹੈ। ਦੂਜੀ ਝਾਕੀ ਵਿਚ ਮੁਗਲ ਸੈਨਾ ਜੋ ਵਧੀਆ ਵਰਦੀਆਂ, ਸ਼ਸਤਰਾਂ ਅਤੇ ਘੋੜਿਆਂ ਵਾਲੀ ਹੁੰਦੀ ਸੀ, ਉਸ ਦੀ ਸ਼ਾਨੋ ਸ਼ੌਕਤ ਤੇ ਚੜ੍ਹਤ, ਪਰ ਨਾਲ ਹੀ ਤਨ ਆਸਾਨੀ, ਹੱਡ ਹਰਾਮੀਪਣ, ਸੁਸਤੀ, ਐਸ਼ ਇਸ਼ਰਤ ਤੇ ਫ਼ਰਜ਼ ਵਲੋਂ ਲਾਪ੍ਰਵਾਹੀ, ਖਾਣ ਪੀਣ ਵਲ ਬਹੁਤਾ ਧਿਆਨ, ਫੱਕੀਆਂ ਡੀਂਗਾਂ ਤੇ ਸ਼ੇਖੀਆਂ ਮਾਰਨੀਆਂ, ਸਹਿਜੇ ਸਹਿਜੇ ਕੂਚ ਤੇ ਨਿਕੀਆਂ ਨਿਕੀਆਂ ਮੰਜ਼ਲਾਂ, ਮਮੂਲੀ ਜਿਹੇ ਖਦਸ਼ੇ ਤੇ ਆਲਾਰਮ ਵਜਾ ਦੇਣੇ ਤੇ ਜੰਗਲਾਂ ਵਿਚ ਵੜਨੋਂ


www.AKJ.Org

ਡਰਨਾ, ਆਦਿ।

ਤੀਜੀ ਝਾਕੀ ਵਿਚ ਸਿੰਘਾਂ ਦਾ ਸ਼ਾਹੀ ਫ਼ੌਜਾਂ ਤੇ ਟੁਟਣਾ ਤੇ ਗੁਥਮ ਗੁਥਾ ਲੜਾਈ। ਇਸ ਲੜਾਈ ਵਿਚ ਖਾਲਸਈ ਜੌਹਰਾਂ ਦਾ ਪ੍ਰਗਟਾਵਾ ਨਕਲੀ ਸਿੰਘਾਂ ਨੇ ਖ਼ੂਬ ਕੀਤਾ। ਉਨ੍ਹਾਂ ਨੂੰ ਜੋਸ਼ ਹੀ ਏਨਾ ਆ ਗਿਆ ਕਿ ਨਕਲਾਂ ਦਾ ਤਾਂ ਚੇਤਾ ਭੁਲ ਗਿਆ ਤੇ ਆਪਣੇ ਆਪ ਨੂੰ ਸਚਮੁਚ ਦੇ ਸਿੰਘ ਜਾਣ ਕੇ ਲੋਹੜੇ ਦੇ ਨੇਜ਼ੇ ਤਲਵਾਰਾਂ ਵਾਹੀਆਂ। ਬਣੀ ਹੋਈ ਮੁਗਲੀਆ ਫ਼ੌਜ ਨੂੰ ਆਪਣੇ ਥਾਂ ਮਾਣ ਸੀ ਤੇ ਉਨ੍ਹਾਂ ਜਦ ਆਪਣੀ ਆਣ ਤੇ ਬਣਦੀ ਵੇਖੀ ਤਾਂ ਉਨ੍ਹਾਂ ਵੀ ਕੋਈ ਕਸਰ ਨਾ ਛਡੀ। ਬਾਦਸ਼ਾਹ ਦੇ ਵੇਖਦਿਆਂ ਵੇਖਦਿਆਂ ਕਈਆਂ ਦੀਆਂ ਲਤਾਂ ਬਾਹੀਂ ਵੱਢੀਆਂ ਗਈਆਂ ਤੇ ਮੋਢੇ ਛਾਂਗੇ ਗਏ। ਕਈ ਸਿਰ ਕੱਟ ਕੇ ਭੁੰਜੇ ਆਣ ਡਿਗੇ। ਢਾਲਾਂ ਉਤੇ ਨੇਜ਼ਿਆਂ ਤੇ ਤਲਵਾਰਾਂ ਦੀ ਖੜੱਪ ਖੜੱਪ ਤੇ ਤਲਵਾਰਾਂ ਦੀ ਆਪਸੀ ਜ਼ਰਬਾਂ ਦੀ ਠਣਨ ਠਣਨ ਨਾਲ, ਯਾ ਅਲੀ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ, ਘੋੜਿਆਂ ਦੇ ਹਿਣਕਾਟ ਤੇ ਘੜਮਸ ਨਾਲ ਲਾਲ ਕਿਲ੍ਹੇ ਦਾ ਸਿਹਨ ਸਚਮੁਚ ਕੁਝ ਪਲਾਂ ਲਈ ਲੜਾਈ ਦਾ ਮੈਦਾਨ ਬਣ ਗਿਆ।† ਪਤਾ ਨਹੀਂ ਕਿੰਨਾ ਹੋਰ ਖ਼ੂਨ ਖ਼ਰਾਬਾ ਹੋ ਜਾਂਦਾ ਜੇ ਬਾਦਸ਼ਾਹ ਇਸ਼ਾਰਾ ਕਰ ਕੇ ਹਾਜ਼ਰ ਪਹਿਰੇਦਾਰਾਂ ਨੂੰ ਇਨ੍ਹਾਂ ਤਾਈਂ ਹਟਾਉਣ ਲਈ ਨਾ ਕਹਿੰਦਾ। ਪਹਿਰੇਦਾਰਾਂ ਨੇ ਬੜੀ ਮੁਸ਼ਕਲ ਨਾਲ ਫਰਜ਼ੀ ਬਣੇ ਸਿੰਘਾਂ ਨੂੰ ਸ਼ਾਂਤ ਕੀਤਾ। ਅਜੇ ਵੀ ਮੁਖੀ ਭੰਡ ਕਹੀ ਜਾਂਦੇ ਸਨ ਕਿ ਸਾਨੂੰ ਹਟਾਉ ਨਾ, ਅਸੀਂ ਪੂਰਾ ਸਿੱਟਾ ਕੱਢ ਕੇ ਵਿਖਾਉਣਾ ਹੈ। ਬਾਦਸ਼ਾਹ ਦੇ ਰੌਂਗਟੇ ਖੜੇ ਹੋ ਗਏ ਇਹ ਜਾਣ ਕੇ ਕਿ ਉਸਦਾ ਕਿਸ ਕੌਮ ਨਾਲ ਵਾਹ ਪਿਆ ਹੋਇਆ ਹੈ। ਜਿਨ੍ਹਾਂ ਦੀ ਨਕਲ ਦੀ ਇਹ ਹਾਲਤ ਹੈ ਉਹ ਅਸਲ ਵਿਚ ਕੀ ਹੋਣਗੇ। ਤੇ ਕੀ ਗ਼ਜ਼ਬ ਢਾਅ ਦੇਣ ਦੀ ਸਮਰੱਥਾ ਰਖਦੇ ਹੋਣਗੇ। ਇਸ ਨਕਲ ਨੇ ਸਿੰਘਾਂ ਦੀ ਬਹਾਦਰੀ ਤੇ ਜ਼ਾਲਮ ਨਾਲ ਜੂਝ ਮਰਨ ਦੀ ਸਪਿਰਿਟ ਦਾ ਸਿੱਕਾ ਬਾਦਸ਼ਾਹ ਦੇ ਦਿਲ ਤੇ ਬਿਠਾ ਦਿਤਾ।

ਇਹੋ ਕਾਰਨ ਸੀ ਕਿ ਜਦ ਸਿੰਘਾਂ ਹਥੋਂ ਲਾਚਾਰ ਹੋ ਕੇ ਜ਼ਕਰੀਆ ਖਾਂ ਨੇ ਬਾਦਸ਼ਾਹ ਨੂੰ ਲਿਖ ਭੇਜਿਆ ਸੀ ਕਿ ਮੈਂ ਤਾਂ ਆਪਣੀ ਪੂਰੀ ਵਾਹ ਲਾ ਥੱਕਾ ਹਾਂ, ਇਹ ਬੜੀ ਕਰੜੀ ਕੌਮ ਹੈ। ਇਹਨਾਂ ਦੇ ਪੈਗ਼ੰਬਰ ਨੇ ਇਹਨਾਂ ਨੂੰ ਆਬ-ਏ-ਹਯਾਤ ਪਿਆ ਕੇ ਇਹੋ ਜਿਹਾ ਬਣਾ ਦਿਤਾ ਹੈ ਕਿ ਮੌਤ ਨੂੰ ਇਹ ਸਮਝਦੇ ਹੀ ਕੁਝ ਨਹੀਂ। ਹਮੇਸ਼ਾ ਸਿਰ ਤਲੀ ਤੇ ਧਰੀ ਫਿਰਦੇ ਹਨ। ਰੱਬੋਂ ਉਰੇ ਕਿਸੇ ਦਾ ਡਰ ਨਹੀਂ ਮੰਨਦੇ। ਜੋ ਮਰਨ ਤੇ ਵੀ ਜੈਕਾਰੇ ਛਡਦੇ ਹਨ। ਇਹਨਾਂ ਨੂੰ ਕੌਣ ਮਾਰਨ ਵਾਲਾ ਜੰਮਿਆ ਹੈ। ਤੁਹਾਡੇ ਖ਼ਾਦਮ ਦੀ ਸੱਚੇ ਦਿਲੋਂ ਰਾਏ ਹੈ ਕਿ ਇਹਨਾਂ ਨਾਲ ਕੋਈ ਵਿਉਂਤ ਬਣਾ ਕੇ ਰਸਾਈ ਹੀ ਚੰਗੀ ਹੈ। ਨਾਦਰ ਸ਼ਾਹ ਵਾਲੀਏ ਈਰਾਨ ਆਪਣੀਆਂ ਈਰਾਨ ਦੀਆਂ ਮੁਹਿੰਮਾਂ ਤੋਂ ਵਿਹਲਾ ਹੋ ਕੇ ਲਾਜ਼ਮੀ ਹਿੰਦੁਸਤਾਨ ਤੇ ਹਮਲਾ ਕਰੇਗਾ, ਜਿਸ ਦੇ ਸੰਕੇਤ ਹਜ਼ੂਰ ਨੂੰ ਮਿਲ ਚੁਕੇ ਹਨ। ਤੇ ਤੁਸੀਂ ਇਹਨਾਂ ਤੋਂ ਭਲੀ ਭਾਂਤ ਜਾਣੂ ਹੋ। ਇਹਨਾਂ ਨਾਲ ਜੇ ਬਣੀ ਹੋਵੇਗੀ ਤਾਂ ਨਾਦਰ ਸ਼ਾਹ ਮੂਹਰੇ ਵੀ ਇਹਨਾਂ ਨੂੰ ਕਰਾਂਗੇ। ਬਘਿਆੜ ਮੂਹਰੇ ਚਿਤਰਾ ਕਰਨ ਵਾਲੀ ਨੀਤੀ ਅਪਣਾਈ ਜਾਵੇ। ਇਸ ਲਈ ਜੇ ਤੁਹਾਡੇ ਵਲੋਂ ਮਨਜ਼ੂਰ ਹੋਵੇ ਤਾਂ ਇਹ ਵਿਉਂਤ ਬਣਾ ਕੇ ਇਹਨਾਂ ਨਾਲ ਸੁਲਾਹ ਸਫਾਈ ਕਰ ਲਈ ਜਾਵੇ :—

੧. ਸਿੰਘਾਂ ਉਤੇ ਲੱਗੀਆਂ ਬੰਦਸ਼ਾਂ ਚੁਕ ਲਈਆਂ ਜਾਣ।
੨. ਉਹਨਾਂ ਨੂੰ ਇਕ ਵਿਸ਼ੇਸ਼ ਇਲਾਕਾ ਜਗੀਰ ਦੇ ਤੌਰ ਤੇ ਦੇ ਦਿਤਾ ਜਾਵੇ, ਜਿਸਦੀ ਆਮਦਨ ਨਾਲ ਉਹਨਾਂ ਦਾ ਗੁਜ਼ਾਰਾ ਹੋ ਜਾਵੇ ਤੇ ਉਹ ਆਪਣੀ ਮੌਜ ਵਿਚ ਵਿਚਰ ਸਕਣ।
੩. ਉਹਨਾਂ ਦੇ ਸਭ ਤੋਂ ਵੱਡੇ ਆਗੂ ਨੂੰ "ਨਵਾਬੀ" ਦੀ ਪਦਵੀ ਦੇ ਦਿਤੀ ਜਾਵੇ ਤੇ ਉਹ ਖਾਲਸਾ ਦਲਾਂ ਨੂੰ ਆਪਣੀ ਤਾਬੇ ਰਖ ਸਕੇ ਤੇ ਦੇਸ਼ ਵਿਚ ਅਮਨ ਅਮਾਨ ਕਾਇਮ ਹੋ ਸਕੇ।

ਬਾਦਸ਼ਾਹ ਨੇ, (ਜੋ ਪਹਿਲਾਂ ਹੀ ਸਿਖਾਂ ਬਾਰੇ ਕੋਈ ਢੁਕਵਾਂ ਹੱਲ ਸੋਚ ਰਿਹਾ ਸੀ) ਝੱਟ ਮਨਜ਼ੂਰੀ ਦੇ ਦਿਤੀ।

---

† ਇਹ ਨਕਲ ਮੁਹੰਮਦ ਸ਼ਾਹ ਰੰਗੀਲੇ ਨੇ ਦਿੱਲੀ ਦੇ ਲਾਲ ਕਿਲ੍ਹੇ ਵਿਚ ਦੀਵਾਨ-ਏ-ਆਮ ਦੇ ਬਾਹਰ ਖੁਲ੍ਹੇ ਸਿਹਨ ਵਿਚ ਕਰਵਾਈ ਸੀ ਤੇ ਇਕ ਆਰਜ਼ੀ ਤੌਰ ਤੇ ਬਣੇ ਉਚੇ ਚਬੂਤਰੇ, ਜਿਸ ਉਤੇ ਸਾਇਬਾਨ ਲੱਗਾ ਸੀ, ਤੋਂ ਆਪਣੇ ਮੁਸਾਹਿਬਾਂ ਨਾਲ ਬੈਠ ਕੇ ਵੇਖੀ ਸੀ।



www.AKJ.Org

ਯਕਰੀਆ ਖਾਨ ਨੇ ਇਕ ਸਰਕਾਰੀ ਅਹੁਦੇਦਾਰ (ਸਿੰਘਾਂ ਦੇ ਬੋਲਿਆਂ ਵਿਚ ਚਕਰੈਲ ਸਿੰਘ) ਭਾਈ ਸੁਬੇਗ ਸਿੰਘ ਜੰਬਰ ਨੂੰ ਵਸਾਖੀ ਸੰਮਤ ੧੭੯੦ (੨੯ ਮਾਰਚ ੧੭੩੩ ਈ:) ਨੂੰ ਖਾਲਸੇ ਦੇ ਹੋਏ ਇਕੱਠ ਵਿਚ ਸ੍ਰੀ ਅੰਮ੍ਰਿਤਸਰ ਭੇਜਿਆ। ਸਭ ਤੋਂ ਪਹਿਲਾਂ ਸੁਬੇਗ ਸਿੰਘ ਨੂੰ ਤਨਖ਼ਾਹ ਲਾਈ ਗਈ, ਜੋ ਉਸ ਨੇ ਸਿਰ ਨਿਵਾ ਕੇ ਪ੍ਰਵਾਨ ਕੀਤੀ ਤੇ ਹੋਇਆ ਹੁਕਮ ਫ਼ੌਰਨ ਪੂਰਾ ਕੀਤਾ। ਫਿਰ ਉਸ ਦੇ ਆਉਣ ਦੇ ਮਨੋਰਥ ਤੇ ਵਿਚਾਰ ਕੀਤੀ। ਕਾਫ਼ੀ ਵਿਚਾਰਨ ਤੋਂ ਬਾਅਦ ਸਰਕਾਰ ਨਾਲ ਸੁਲਾਹ ਸਫਾਈ ਦੀ ਗੱਲ ਤਾਂ ਪਰਵਾਨ ਕਰ ਲਈ, ਪਰ "ਨਵਾਬੀ" ਦੀ ਪਦਵੀ ਤੇ ਖ਼ਿਲਅਤ ਲੈਣ ਨੂੰ ਕੋਈ ਤਿਆਰ ਨਾ ਹੋਵੇ। ਕੁਝ ਦਾਨਿਆਂ ਸਿੰਘਾਂ ਨੇ ਵਿਚਾਰ ਕਰ ਕੇ ਸਲਾਹ ਦਿਤੀ ਕਿ ਇਹ 'ਨਵਾਬੀ" ਆਦਿ ਪੰਥ ਦੇ ਪੁਰਾਣੇ ਬਿਰਧ ਆਗੂ ਦਿਵਾਨ ਦਰਬਾਰਾ ਸਿੰਘ ਨੂੰ ਦੇ ਦਿਤੀ ਜਾਵੇ। ਪਰ ਉਸ ਨੇ ਵੀ ਸਾਫ਼ ਤੌਰ ਤੇ ਨਾਂਹ ਕਰ ਦਿਤੀ। ਇਸ ਸਾਰੀ ਘਟਨਾ ਦਾ ਵਰਨਣ ਭਾਈ ਰਤਨ ਸਿੰਘ ਭੰਗੂ ਨੇ ਆਪਣੇ "ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਹੇਠ ਲਿਖੇ ਅਨੁਸਾਰ ਕੀਤਾ ਹੈ :—

ਉਨੈ ਦਰਬਾਰੇ ਸਿੰਘ ਅਗਯੋਂ ਕਹੀ। ਅਸੀਂ ਨਵਾਬੀ ਕਦ ਚਹੈਂ ਲਈ।
ਹਮ ਕੋ ਸਤਿਗੁਰ ਬਚਨ ਪਤਿਸ਼ਾਹੀ ਹਈ। ਹਮ ਕੋ ਜਾਪਤ ਢਿਗ ਸੋਊ ਅਈ ॥੩੬॥
ਹਮ ਰਾਖਤ ਪਤਿਸ਼ਾਹੀ ਦਾਵਾ। ਜਾ ਇਤ ਕੋ ਜਾਂ ਅਗਲੋਂ ਪਾਵਾ।
ਜੋ ਸਤਿਗੁਰ ਸਿੱਖਣ ਕਹੀ ਬਾਤ। ਹੋਗ ਸਾਈ ਨਹੀ ਖਾਲੀ ਜਾਤ ॥੩੭॥
ਧਰੁਣ ਧਰਤ ਔ ਧਵਲ ਡੁਲਾਇ। ਸਤਿਗੁਰ ਬਚਨ ਨਾ ਖਾਲੀ ਜਾਇ।
ਪਤਿਸ਼ਾਹੀ ਛੱਡ ਕਿਮ ਲਹੈਂ ਨਵਾਬੀ। ਪਰਾਧੀਨ ਜਿਹ ਮਾਹਿ ਖਰਾਬੀ ॥੩੮॥
ਦੋਹਰਾ—ਹਮ ਪਾਤਸ਼ਾਹੀ ਸਤਿਗੁਰੂ ਦਈ ਹੰਨੈ ਲਾਇ।
ਜਿਹ ਜਿਹ ਬਹੈਂ ਜ਼ਮੀਨ ਮੱਲ ਤਹਿ ਤਹਿ ਤਖਤ ਬਨਾਇ ॥
ਇਸੀ ਭਾਂਤ ਬਹੁ ਸਿਖਨ ਕਹੀ। ਹਮ ਕੋ ਲੋੜ ਨਵਾਬੀ ਨਹੀਂ।......
ਕਿਸੈ ਸਿੰਘ ਕੋ ਯਹ ਚਾ ਦਹੋ। ਟਹਲ ਕਰਤ ਕਿਸੇ ਕੋ ਲਖ ਲੇਹੋ ॥੪॥*

ਭਾਈ ਸੁਬੇਗ ਸਿੰਘ ਨੇ ਇਕ ਵਾਰ ਫੇਰ ਚਾਰਾ ਕੀਤਾ। ਹਾਜ਼ਰ ਬੈਠੇ ਮੁਖੀਆਂ ਅਗੇ ਉਹ ਚਾਂਦੀ ਦੀ ਵੱਡੀ ਸਾਰੀ ਤਸ਼ਤਰੀ ਜਿਸ ਵਿਚ ਇਕ ਰੇਸ਼ਮੀ ਦਸਤਾਰ, ਕਲਗੀ, ਤਲਵਾਰ, ਖ਼ਿਲਅਤ, ਕਮਰਬੰਦ, ਇਕ ਸਲਵਾਰ, ਕੁਝ ਖੁਸ਼ਕ ਮੇਵੇ ਤੇ ਝਬਾਲ, ਦੀਪਾਲਪੁਰ ਤੇ ਕੰਗਣਪੁਰ ਪਰਗਣਿਆਂ ਦੀ ਜਗੀਰ ਬਾਦਸ਼ਾਹ ਵਲੋਂ ਮੋਹਰ ਲਾ ਕੇ ਮੰਨਜ਼ੂਰ ਕੀਤੀ ਸੀ, ਅਗੇ ਰਖੀ। ਪਹਿਲੇ ਸਰਦਾਰ ਨੇ ਪੈਰ ਨਾਲ ਧੱਕ ਕੇ ਪਰਾਂ ਕਰ ਦਿਤੀ। ਇਸ ਤਰ੍ਹਾਂ ਉਸ ਤੋਂ ਅਗਲੇ ਤੇ ਫਿਰ ਉਦੋਂ ਅਗਲੇ ਨੇ ਕੀਤਾ। ਬੱਤੀ (੩੨) ਸਰਦਾਰ ਬੈਠੇ ਸਨ, ਕਿਸੇ ਨੇ ਵੀ ਹੱਥ ਨਾ ਲਾਇਆ, ਸਗੋਂ ਠੁੱਡਾਂ ਨਾਲ ਹੀ ਅੱਗੇ ਅੱਗੇ ਰੇੜ੍ਹੀ ਗਏ। ਸੁਬੇਗ ਸਿੰਘ ਨੇ ਫਿਰ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਦਸ਼ਾਹ ਵਲੋਂ ਇਹ ਬਖਸ਼ਸ਼ ਨਹੀਂ, ਸਗੋਂ ਖਾਲਸੇ ਦੇ ਮਾਣ ਵਡਿਆਈ ਨੂੰ ਇਹ ਭੇਟ ਹੈ। ਖਾਲਸਾ ਜੀ ਕਦੇ ਭੇਟ ਵਾਪਸ ਨਹੀਂ ਮੋੜਦਾ। ਸਿੰਘਾਂ ਸਰਦਾਰਾਂ ਕਿਹਾ ਕਿ ਜਦ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਪਹਿਲਾਂ ਹੀ ਪਾਤਸ਼ਾਹੀ ਬਖਸ਼ੀ ਹੋਈ ਹੈ, ਇਹ ਨਵਾਬੀ ਖਰਾਬੀ ਹੈ ਤੇ ਸਾਡੇ ਕਿਸ ਕੰਮ ਹੈ ? ਕੁਝ ਦੇਰ ਦੇ ਸੱਨਾਟੇ ਤੋਂ ਬਾਅਦ ਇਕ ਹੋਰ ਬਿਰਧ ਸਿੰਘ ਨੇ ਕਿਹਾ ਕਿ ਇਹ ਤਾਂ ਖਾਲਸਾ ਜੀ ਤੁਹਾਨੂੰ ਭੇਟਾ ਹੈ, ਤੁਹਾਡੇ ਪਾਤਸ਼ਾਹੀ ਦਾਅਵੇ ਨੂੰ ਇਹ ਘਟਾਉਂਦੀ ਨਹੀਂ। ਭੇਟਾ ਪਰਵਾਨ ਕਰ ਲਵੋ ਅਤੇ ਦਾਅਵਾ ਆਪਣਾ ਕਾਇਮ ਰਖੋ। ਲਾਗੋਂ ਇਕ ਹੋਰ ਸਿੰਘ ਬੋਲਿਆ ਕਿ ਗਉੜੀ ਰਾਗ ਬਾਵਨ ਅੱਖਰੀ ਵਿਚ ਪੰਚਮ ਪਾਤਸ਼ਾਹ ਨੇ ਫ਼ੁਰਮਾਇਆ ਹੈ :—

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ [ਪੰਨਾ ੨੫੫

ਸੋ ਇਸ ਮਹਾਂ ਵਾਕ ਅਨੁਸਾਰ ਟਹਲ ਕਰਦੇ ਨੂੰ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ। ਮਹਾਰਾਜ ਦੇ ਹੁਕਮ

* ਸ: ਰਤਨ ਸਿੰਘ ਭੰਗੂ-ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੫੯-੬੦



www.AKJ.Org

ਨੂੰ ਸਿਰ ਮੱਥੇ ਰਖੋ ਅਤੇ ਸੇਵਾ ਕਰਦੇ ਸਿੰਘ ਨੂੰ ਇਹ ਪਦਵੀ ਦੇ ਦੇਵੋ। ਗੁਰੂ ਮਹਾਰਾਜ ਨੇ ਆਪ ਰਸਤਾ ਵਿਖਾ ਦਿਤਾ ਹੈ। ਐਨ ਇਸ ਵੇਲੇ ਸਬੱਬ ਨਾਲ ਕਪੂਰ ਸਿੰਘ ਦੀਵਾਨ ਵਿਚ ਸੰਗਤਾਂ ਵਿਚ ਖਲੋ ਕੇ ਪੱਖਾ ਕਰ ਰਹੇ ਸਨ। ਪਿਛਲੇ ਦਿਨੀਂ ਰੋਪੜ ਪਾਸ ਗਸ਼ਤੀ ਫ਼ੌਜਾਂ ਨਾਲ ਹੋਈ ਟੱਕਰ ਵਿਚ ਉਸ ਦੇ ਮੱਥੇ ਉਤੇ ਲਗਾ ਫੱਟ ਭਾਵੇਂ ਅਜੇ ਅਲਾ ਹੀ ਸੀ, ਪਰ ਉਸਦੀ ਪ੍ਰਵਾਹ ਨਾ ਕਰਦਾ ਹੋਇਆ ਵੀ ਸੰਗਤ ਦੀ ਸੇਵਾ ਵਿਚ ਲੀਨ ਸੀ। ਇਹ ਸਿੰਘ ਲੰਗਰ ਵਿਚ ਜਲ ਢੋਣ ਦੀ, ਬਾਲਣ ਹਾਜ਼ਰ ਕਰਨ ਦੀ, ਲੰਗਰ ਸਜਾਉਣ ਵਰਤਾਉਣ ਤੇ ਜੂਠੇ ਭਾਂਡੇ ਮਾਂਜਣ ਦੀ, ਬ੍ਰਿਧ ਸਿੰਘਾਂ ਦੇ ਬਸਤਰ ਧੋਣ ਦੀ ਤੇ ਘੋੜਿਆਂ ਦੀ ਲਿੱਦ ਸਾਫ ਕਰਨ ਦੀ ਸੇਵਾ ਬੜਾ ਤਤਪਰ ਹੋ ਕੇ ਕਰਿਆ ਕਰਦਾ ਸੀ ਤੇ ਲੜਨ ਮਰਨ ਵੇਲੇ ਮੂਹਰਲੀਆਂ ਸਫਾਂ ਵਿਚ ਰਹਿੰਦਾ ਸੀ। ਸਰਬੱਤ ਖਾਲਸੇ ਦੀ ਨਿਗਾਹ ਉਸ ਉਤੇ ਪਈ। ਸਾਰਿਆਂ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਕੇ ਪ੍ਰਵਾਨਗੀ ਦੇ ਦਿਤੀ ਕਿ ਨਵਾਬੀ ਦੀ ਪਦਵੀ ਭਾਈ ਕਪੂਰ ਸਿੰਘ ਨੂੰ ਦੇ ਦਿਤੀ ਜਾਵੇ। ਹੁਣ ਭਾਈ ਕਪੂਰ ਸਿੰਘ ਨਾਂਹ ਨਹੀਂ ਸੀ ਕਰ ਸਕਦਾ। ਗੁਰੂ ਕੀ ਹਜ਼ੂਰੀ ਵਿਚ ਅਰਦਾਸ ਹੋ ਗਈ। ਉਹਨਾਂ ਸੀਸ ਨਿਵਾ ਦਿਤਾ। ਫਿਰ ਉਹਨਾਂ ਹੱਥ ਜੋੜ ਕੇ ਕੁਝ ਬੇਨਤੀ ਕਰਨ ਦੀ ਆਗਿਆ ਮੰਗੀ ਅਤੇ ਕਿਹਾ ਕਿ ਖਿਲਅਤ ਪੰਜਾਂ ਸਿੰਘਾਂ ਦੇ ਪੈਰਾਂ ਨਾਲ ਛੁਹਾ ਕੇ ਪਵਿਤਰ ਕਰ ਕੇ ਬਖਸ਼ੀ ਜਾਵੇ। ਦੂਸਰੀ ਇਹ ਕਿ ਇਹ ਨਵਾਬੀ ਖਾਲਸੇ ਵਲੋਂ ਬਖਸ਼ੀ ਗਈ ਹੈ ਮੈਨੂੰ ਲਾਹੌਰ ਜਾਂ ਦਿਲੀ ਦਰਬਾਰ ਦੀ ਹਾਜ਼ਰੀ ਭਰਨ ਤੋਂ ਮੁਕਤ ਕੀਤਾ ਜਾਵੇ। ਤੀਸਰੀ ਸੰਗਤ ਦੀ ਪਖੇ, ਜਲ, ਲੰਗਰ, ਆਦਿ ਦੀ ਸੇਵਾ ਤੇ ਖਾਲਸਾ ਜੀ ਦਿਆਂ ਘੋੜਿਆਂ ਦੀ ਲਿੱਦ ਹਟਾਉਣ ਲਈ ਭੋੜੇ ਦੀ ਸੇਵਾ ਦਾ ਮੇਰਾ ਹੱਕ ਬਹਾਲ ਰਖਿਆ ਜਾਵੇ। ਇਹ ਸਭ ਕੁਝ ਸੰਗਤ ਨੇ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਸਰਕਾਰ ਵਲੋਂ ਸਰਦਾਰ ਕਪੂਰ ਸਿੰਘ ਲਈ ਨਵਾਬੀ ਦੀ ਪਦਵੀ ਪੰਥ ਵਲੋਂ ਪ੍ਰਵਾਨ ਕਰ ਲਈ ਗਈ। ਪਰਗਨਾ ਪੱਟੀ ਵਿਚੋਂ ਝਬਾਲ ਤੇ ਪਰਗਣਾ ਚੂਨੀਆਂ ਵਿਚੋਂ ਦੀਪਾਲਪੁਰ ਕੰਗਣਪੁਰ ਆਦਿ ਬਾਰ੍ਹਾਂ ਪਿੰਡਾਂ ਦੀ ਜਗੀਰ ਗੁਰੂ ਚੱਕ ਸ੍ਰੀ ਅੰਮ੍ਰਿਤਸਰ ਦੇ ਮਾਤਹਿਤ ਕਰ ਦਿਤੀ ਗਈ।†

ਖਾਲਸਾ ਜੀ ਤੋਂ ਸਭ ਕਿਸਮ ਦੀਆਂ ਬੰਦਸ਼ਾਂ ਚੁਕ ਲਈਆਂ ਗਈਆਂ। ਤੇ ਉਨ੍ਹਾਂ ਨੂੰ ਖੁਲ੍ਹੇ ਵਿਚਰਨ ਦੀ ਖੁਲ੍ਹ ਹੋ ਗਈ। ਇਸ ਨਾਲ ਕੁਝ ਸਮੇਂ ਲਈ ਦਿਲੀ ਅਤੇ ਲਾਹੌਰ ਦੀਆਂ ਸਰਕਾਰਾਂ ਨਾਲ ਸਿੰਘਾਂ ਦੀ ਸੁਲਾਹ ਹੋ ਗਈ ਤੇ ਦੇਸ਼ ਵਿਚ ਅਮਨ ਅਮਾਨ ਹੋ ਗਿਆ।

ਜ਼ਕਰੀਆ ਖਾਨ ਨੇ ਇਹ "ਨਵਾਬੀ" ਦੀ ਪਦਵੀ ਆਦਿ ਸਿੰਘਾਂ ਅਗੇ ਨਿਸਲ ਹੋ ਕੇ ਤੇ ਆਪਣੀ ਲਾਚਾਰੀ ਤੇ ਪਰਦਾ ਪਾਉਣ ਲਈ, ਦਿੱਲੀ ਸਰਕਾਰ ਨਾਲ ਮਸ਼ਵਰਾ ਕਰਕੇ ਦਿਵਾਈ ਸੀ। ਪਰ ਅੰਦਰ ਖਾਤੇ ਉਸਦਾ ਮਨ ਸਿੰਘਾਂ ਪ੍ਰਤੀ ਸਾਫ ਨਹੀਂ ਸੀ। ਉਹ ਇਕ ਲੱਖ ਦੀ ਜਾਗੀਰ ਦੇ ਕੇ ਦਲ ਖਾਲਸਾ ਵਿਚ ਫੁੱਟ ਪਾ ਕੇ ਉਸ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ। ਝਬਾਲ ਲਾਹੌਰ ਤੋਂ ੩੨ ਕਿਲੋ ਮੀਟਰ ਹੈ ਤੇ ਲਾਹੌਰ-ਦਿੱਲੀ ਵਾਲੀ ਜਰਨੈਲੀ ਸੜਕ ਤੇ ਸਥਿਤ ਹੈ। ਕੰਗਣਪੁਰ ਝਬਾਲੋਂ ੧੦੫ ਕਿਲੋ ਮੀਟਰ ਹੈ ਤੇ ਲਾਹੌਰੋਂ ੧੩੦ ਕਿਲੋ ਮੀਟਰ। ਤੇ ਇੰਜ ਹੀ ਦੀਪਾਲਪੁਰ ਲਾਹੌਰੋਂ ੧੧੦ ਕਿਲੋ ਮੀਟਰ ਹੈ। ਕੰਗਣਪੁਰ ਰਾਜਿਸਥਾਨ ਬਹਾਵਲਪੁਰ ਵਲੋਂ ਆਉਣ ਵਾਲੀ ਸ਼ਾਹ ਰਾਤ ਤੇ ਸੀ, ਦੀਪਾਲਪੁਰ ਸਿੰਧ ਮੁਲਤਾਨ ਵਲੋਂ ਆਉਣ ਵਾਲੀ ਵੱਡੀ ਸੜਕ ਲਾਗੇ। ਉਸਦਾ ਮਨਸ਼ਾ ਸੀ ਕਿ ਸੁਲਾਹ ਕਾਰਨ ਇਸ ਪਾਸਿਓਂ ਆਉਣ ਵਾਲੇ ਕਾਫ਼ਲੇ ਸਿੰਘਾਂ ਦੀ ਰਾਖੀ ਵਿਚ ਹੋ ਜਾਣਗੇ, ਲੁਟ ਜਾਣ ਤੋਂ ਬਚਣਗੇ ਕਸੂਰ ਤੇ ਚੂਨੀਆਂ ਪਰਗਣਿਆਂ ਦਾ ਮਾਲੀਆ ਉਂਜ ਵੀ ਲਾਹੌਰ ਨਹੀਂ ਸੀ ਅਪੜ ਰਿਹਾ। ਮਾਲੀਆ ਤੇ ਤਜਾਰਤੀ ਕਾਫਲੇ ਲੁਟੇ ਜਾਂਦੇ ਸਨ, ਚਲੋ ਹੁਣ ਕਾਫਲਿਆਂ ਦੀ ਆਵਾ ਜਾਈ ਬਹਾਲ ਤੇ ਸੁਰੱਖਿਅਤ ਰਹੂ, ਸਰਕਾਰੀ ਖਜ਼ਾਨੇ ਵਿਚ ਕੁਝ ਤਾਂ ਚੰਗੀ ਵਜੋਂ ਅਪੜੂ। ਦੂਸਰਾ ਸਿੰਘ ਦੂਰ ਦੂਰ ਰਹਿਣਗੇ ਤੇ ਤਾਕਤ ਇਕੱਠੀ ਹੋਣ ਦੀ ਥਾਂ ਖਿੰਡੀ ਪੁੰਡੀ ਰਹੂ। ਇੰਜ ਆਹਿਸਤਾ ਆਹਿਸਤਾ ਕਮਜ਼ੋਰ ਹੋਣਗੇ ਤੇ ਜਦ ਢੁਕਵਾਂ ਮੌਕਿਆ ਹੱਥ ਆਊ ਇਨ੍ਹਾਂ

† ਕੰਗਣਪੁਰ ਤੇ ਦਿਪਾਲਪੁਰ ਦੋਵੇਂ ਹੁਣ ਪੱਛਮੀ ਪਾਕਿਸਤਾਨ ਵਿਚ ਹਨ। ਝਬਾਲ ਜ਼ਿਲਾ ਅੰਮ੍ਰਿਤਸਰ ਤੇ ਪੂਰਬੀ ਪੰਜਾਬ ਵਿਚ ਹੈ।



www.AKJ.Org

ਉਤੇ ਕਰੜੀ ਸੱਟ ਮਾਰਨੀ ਸੌਖੀ ਹੋਵੇਗੀ। ਉਧਰ ਸਿੰਘ ਵੀ ਉਸ ਦੀ ਇਸ ਦੂਰਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ, ਪਰ ਉਹ ਸੁਲਾਹ ਲਈ ਹਾਂ ਕਰ ਚੁਕੇ ਸਨ, ਇਸ ਲਈ ਇਸ ਤੋਂ ਪਿਛਾਂਹ ਹਟਣ ਦੀ ਉਨ੍ਹਾਂ ਦਾ ਸਦਾਚਾਰ ਆਗਿਆ ਨਹੀਂ ਸੀ ਦੇਂਦਾ। ਉਨ੍ਹਾਂ ਦਾ ਬਚਾਅ ਇਸ ਵਿਚ ਸੀ ਕਿ ਵੈਰੀ ਦੀ ਖ਼ਾਹਿਸ਼ ਪੂਰੀ ਨਾ ਹੋਣ ਦਿਤੀ ਜਾਵੇ। ਭਾਵ, ਆਪਸੀ ਫੁਟ ਤੋਂ ਪੂਰੀ ਤਰ੍ਹਾਂ ਸੁਚੇਤ ਰਿਹਾ ਜਾਵੇ ਤੇ ਆਪਣੀ ਲੜਨ-ਸ਼ਕਤੀ ਨੂੰ ਵਧਾਉਣ ਲਈ ਜ਼ਿਆਦਾ ਤੋਂ ਜ਼ਿਆਦਾ ਸਿੰਘ ਸਜਾਏ ਜਾਣ, ਤਾਕਿ ਵੈਰੀ ਜਿਸ ਦਿਨ ਦੀ ਉਡੀਕ ਵਿਚ ਹੈ, ਉਹ ਦਿਨ ਉਸ ਲਈ ਕਿਆਮਤ ਬਣਾ ਦਿਤਾ ਜਾਵੇ।

ਸੁਲਾਹ ਕਾਰਨ ਹੁਣ ਚਾਰ ਚੁਫੇਰੇ ਅਮਨ ਚੈਨ ਪਸਰ ਗਿਆ ਸੀ। ਮੁਖੀ ਮੁਖੀ ਸਰਦਾਰ ਤਾਂ ਨਵਾਬ ਕਪੂਰ ਸਿੰਘ ਨਾਲ ਹੀ ਸ੍ਰੀ ਅੰਮ੍ਰਿਤਸਰ ਰਹਿਣ ਲੱਗ ਪਏ ਤੇ ਬਾਕੀ ਸਿੰਘ ਆਪਣੇ ਆਪਣੇ ਪਿੰਡਾਂ ਨੂੰ ਚਲੇ ਗਏ ਤੇ ਖੇਤੀ ਬਾੜੀ ਵਿਚ ਰੁਝ ਗਏ। ਸ਼ਾਹੀ ਮਾਲ ਖਜ਼ਾਨਿਆਂ ਤੇ ਕਾਫ਼ਲਿਆਂ ਨੂੰ ਲੁਟਣ ਦੀ ਹੁਣ ਲੋੜ ਨਹੀਂ ਸੀ ਰਹੀ। ਜੋ ਸਿੰਘ ਨਵਾਬ ਕਪੂਰ ਸਿੰਘ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਰਹਿੰਦੇ ਸਨ ਉਨ੍ਹਾਂ ਲਈ ਗੁਰੂ ਕਾ ਲੰਗਰ ਖੁਲ੍ਹਾ ਵਰਤਦਾ ਸੀ ਤੇ ਦਰਸ਼ਨਾਂ ਨੂੰ ਆਉਣ ਜਾਣ ਵਾਲੇ ਵੀ ਇਥੋਂ ਹੀ ਛਕਦੇ ਛਕਾਂਦੇ ਸਨ। ਮੁਸੀਬਤਾਂ ਭਰੇ ੩੨ ਸਾਲ ਖਾਲਸੇ ਨੇ ਸਿਰ ਉਤੋਂ ਦੀ ਲੰਘਾਏ ਸਨ। ਦਸੰਬਰ ੧੭੧੦ ਈ: ਪਿਛੋਂ ਤਾਂ ਸਿਖਾਂ ਦਾ ਕਤਲੇ-ਆਮ ਨਿਤ ਦੀ ਖੇਡ ਬਣ ਗਿਆ ਸੀ। ਪਰ ਹਠੀ ਤੇ ਸਿਦਕੀ ਸੂਰਮੇ ਹਮੇਸ਼ਾ ਫ਼ੌਲਾਦ ਵਰਗਾ ਜਿਗਰਾ ਕਰ ਕੇ ਮੌਤ ਦਾ ਟਾਕਰਾ ਕਰਦੇ ਰਹੇ ਤੇ ਆਪਣੀ ਹੋਂਦ ਨੂੰ ਕਾਇਮ ਰਖਦੇ ਹੋਏ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਜਿਉਂ ਜਿਉਂ ਸਖਤੀ ਵਧਦੀ ਗਈ, ਖਾਲਸਾ ਓਨਾ ਹੀ ਸ਼ਕਤੀ-ਸ਼ਾਲੀ ਹੁੰਦਾ ਗਿਆ। ਮੁਸੀਬਤਾਂ ਤੇ ਕਸ਼ਟਾਂ ਨੇ ਉਨ੍ਹਾਂ ਨੂੰ ਨੂੰ ਇਕ-ਮੁਠ ਤੇ ਇਕ-ਜਾਨ ਕਰ ਦਿਤਾ ਸੀ। ਉਹ ਸਕਿਆਂ ਭਰਾਵਾਂ ਵਾਂਗ ਰਹਿ ਰਹੇ ਸਨ। "ਤਵਾਰੀਖ ਗੁਰੂ ਖਾਲਸਾ ਭਾਗ ਦੂਸਰਾ ਸ਼ਮਸ਼ੇਰ ਖਾਲਸਾ" ਵਿਚ ਬੜੇ ਸੋਹਣ ਢੰਗ ਨਾਲ ਇਸ ਹਾਲਤ ਦਾ ਜ਼ਿਕਰ ਕੀਤਾ ਹੈ :—

> ਉਸ ਸਮੇਂ ਸਿੰਘਾਂ ਦਾ ਆਪਸ ਵਿਚ ਬਹੁਤ ਪਯਾਰ ਤੇ ਏਕਾਯਤ ਸੀ, ਇਕ ਦੂਸਰੇ ਨੂੰ ਆਪਣੇ ਪ੍ਰਾਣਾਂ ਜੈਸਾ ਪਯਾਰਾ ਤੇ ਸਕਾ ਭਾਈ ਸਮਝਦਾ ਸੀ। ਨੀਚੀ ਉਚੀ ਜ਼ਾਤ ਪਾਤ ਦਾ ਭੇਦ ਕੋਈ ਨਹੀਂ ਸੀ। ਸਬ ਆਪ ਨੂੰ ਇਕ ਰੂਹ ਸੋਢਬੰਸ ਛਤ੍ਰੀ ਖਾਲਸਾ ਮੰਨਦੇ ਸੇ। ਜੇ ਕੋਈ ਕੁਛ ਕਮਾ ਕੇ ਕਿਧਰੋਂ ਲਿਆਉਂਦਾ ਸੋ ਸਬ ਗੁਰੂ ਕੇ ਖਜ਼ਾਨੇ ਵਿਚ ਜਮਾ ਕਰ ਕੇ ਸਭਨਾਂ ਭਾਈਆਂ ਦੇ ਨਾਲ ਰਲ ਕੇ ਗੁਜ਼ਾਰਾ ਕਰਦਾ। ਵਧ ਘਟ ਲੈਣ ਦਾ ਕੋਈ ਕਿਸੇ ਨੂੰ ਖਿਆਲ ਨਾ ਫੁਰਦਾ। ਜੋ ਕੁਛ ਨਵਾਬ ਆਦਿਕ ਮੁਖੀਏ ਸਿੰਘ ਬਰਤਾਉਂਦੇ, ਉਸ ਪਰ ਅਨੰਦ ਰਹਿੰਦੇ ਅਤੇ ਦਿਨ ਰਾਤ ਗੁਰੂ ਦੀ ਬਾਣੀ ਪੜ੍ਹਦੇ ਹੋਏ ਸ਼ਸਤਰ-ਵਿਦਿਆ ਸਿਖਦੇ ਸਿਖਾਉਂਦੇ। ਘੋੜਿਆਂ ਦੀ, ਸ਼ਸਤਰਾਂ ਦੀ, ਲੰਗਰ ਦੀ ਟਹਲ ਕਰਦੇ ਰਹਿੰਦੇ। ਜੇਕਰ ਕਦੇ ਕਿਸੇ ਤੋਂ ਬੁਰਿਆਈ ਹੋ ਜਾਂਦੀ, ਤਾਂ ਖਾਲਸੇ ਦੇ ਦੀਵਾਨ ਦੀ ਆਗਿਆ ਲੈ ਕੇ ਭਾਈ ਮਨੀ ਸਿੰਘ ਜੀ ਜਥਾ ਜੋਗ ਉਸ ਨੂੰ ਤਨਖਾਹ ਲਾ ਦਿੰਦੇ ਅਤੇ ਉਹ ਭੀ ਬਿਨਾ ਹੀਲ ਹੁੱਜਤ ਦੇ ਮਨ ਲੈਂਦਾ। ਏਸ ਸਮੇਂ ਦਰਬਾਰਾ ਸਿੰਘ ਦੀਵਾਨ, ਸੰਗਤ ਸਿੰਘ ਖਜ਼ਾਨਚੀ, ਹਰੀ ਸਿੰਘ ਲਾਂਗਰੀ, ਭਗਤ ਸਿੰਘ ਖਜ਼ਾਨਚੀ, ਬੁਢਾ ਸਿੰਘ ਦੇਸੀ, ਹਰਦਿਤ ਸਿੰਘ, ਗਰਜਾ ਸਿੰਘ ਸੱਜਣ ਸਿੰਘ, ਈਸ਼ਰ ਸਿੰਘ, ਗਿਆਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ ਆਦਿਕ ਬਹੁਤ ਸਿੰਘ (ਹਜ਼ੂਰੀ) ਜੋ ਗੁਰੂ ਕੇ ਹਜ਼ੂਰ ਰਹੇ ਸੇ, ਪੰਥ ਵਿਚ ਸ਼ਾਮਲ ਸੇ, ਅਤੇ ਨਵਾਬ ਕਪੂਰ ਸਿੰਘ, ਹਰੀ ਸਿੰਘ ਸੁਖਈ, ਦੀਪ ਸਿੰਘ, ਗੁਰਬਖਸ਼ ਸਿੰਘ ਸ਼ਹੀਦ, ਬਰਾਜ ਸਿੰਘ, ਜੱਸਾ ਸਿੰਘ, ਕਰਮ ਸਿੰਘ, ਭੋਗਾ ਸਿੰਘ, ਅਤਰ ਸਿੰਘ, ਸ਼ੀਹਾਂ ਸਿੰਘ, ਬਦਨ ਸਿੰਘ, ਕੇਹਰ ਸਿੰਘ, ਬਜਰ ਸਿੰਘ, ਘਨਘੋਰ ਸਿੰਘ, ਅਮਰ ਸਿੰਘ ਆਦਿਕ ਬਹੁਤ ਨਾਮੀ ਸਿੰਘ ਪੰਥ ਵਿਚ ਮੰਨੇ ਪਰਮੰਨੇ ਹੋਏ ਸਨ।*

* ਗਿ: ਗਿਆਨ ਸਿੰਘ —ਤਵਾਰੀਖ ਗੁਰੂ ਖਾਲਸਾ ਦੂਜਾ ਹਿਸਾ, ਸ਼ਮਸ਼ੇਰ ਖਾਲਸਾ, ਭਾਸ਼ਾ ਵਿਭਾਗ ਵਲੋਂ ਛਪਿਆ-੧੯੭੦, ਸਫ਼ਾ ੧੧੮–੧੧੯.



www.AKJ.Org

**ਨਵਾਬ ਕਪੂਰ ਸਿੰਘ ਦਲ ਖਾਲਸੇ ਦਾ ਮੁਰੈਲ ਥਾਪਿਆ ਗਿਆ :—**

ਸਾਵਣ ਸੰਮਤ ੧੭੯੧ ਬਿਕਰਮੀ (ਸੰਨ ੧੭੩੪ ਈ:) ਵਿਚ ਦੀਵਾਨ ਦਰਬਾਰਾ ਸਿੰਘ ਚੜ੍ਹਾਈ ਕਰ ਗਏ। ਹੁਣ ਸਾਰੇ ਦਲ ਖਾਲਸਾ ਦੀ ਜ਼ਿਮੇਵਾਰੀ ਨਵਾਬ ਕਪੂਰ ਸਿੰਘ ਦੇ ਸਿਰ ਆਣ ਪਈ। ਦੋਹਾਂ ਦਲਾਂ ਦਾ ਜਗੀਰ ਨਾਲ ਲੰਗਰ ਦਾ ਖਰਚਾ ਨਹੀਂ ਸੀ ਚਲ ਸਕਦਾ। ਅਮਨ ਚੈਨ ਹੋਣ ਕਰਕੇ ਇਥੇ ਜ਼ਿਆਦਾ ਜਥੇ ਰਖਣ ਦੀ ਲੋੜ ਨਹੀਂ ਸੀ। ਇਸ ਲਈ ਬਹੁਤ ਸਾਰੇ ਸਿੰਘ ਤਾਂ ਘਰੀਂ ਜਾ ਵਾਹੀਆਂ ਵਿਚ ਰਝੇ ਤੇ ਬਾਕੀ ਮਾਲਵੇ ਵਲ ਨੂੰ ਭੱਟੀਆਂ, ਮੰਝਾਂ, ਡੋਗਰਾਂ ਤੇ ਬੋਦਲੇ ਜਾਗੀਰਦਾਰਾਂ ਦੇ ਇਲਾਕੇ ਉਗ੍ਰਾਹੁਣ ਨੂੰ ਛਿੜ ਗਏ। ਦਲ ਖਾਲਸਾ ਨੇ ਜਦ ਸੰਮਤ ੧੭੮੯ ਬਿਕਰਮੀ ਵਿਚ ਸ: ਆਲਾ ਸਿੰਘ ਫੂਲਕੇ ਦੀ ਬਰਨਾਲੇ ਵਿਚ ਘਿਰੇ ਦੀ ਸਹਾਇਤਾ ਕੀਤੀ ਸੀ ਤੇ ਮੰਝਾਂ, ਭੱਟੀਆਂ ਤੇ ਮਲੇਰ ਕੋਟਲੀਆਂ ਨੂੰ ਮਾਰ ਭਜਾਇਆ ਸੀ, ਇਸ ਦੀ ਉਸ ਵੇਲੇ ਤੋਂ ਹੀ ਇਧਰ ਪਾਸੇ ਚੰਗੀ ਧਾਂਕ ਬੈਠ ਗਈ ਸੀ। ਹੁਣ ਫੂਲਕੇ ਫਿਰ ਇਨ੍ਹਾਂ ਦੀ ਸਹਾਇਤਾ ਨਾਲ ਇਨ੍ਹਾਂ ਗੋਤਾਂ ਨੂੰ ਧਕ ਧਕ ਕੇ ਵਧਣ ਲਗੇ। ਭੱਟੀ, ਮੰਝ ਤੇ ਡੋਗਰ ਆਦਿ ਖਾਲਸਾ ਦਲ ਤੋਂ ਬੜਾ ਭੈ ਖਾਣ ਲਗ ਪਏ ਸਨ। ਇਹ ਕਿਤੇ ਮੁੜ ਸਿਰ ਨਾ ਚੁਕਣ, ਇਸੇ ਲਈ ਦਲ ਖਾਲਸਾ ਇਧਰ ਫੇਰਾ ਪਾ ਆਉਂਦਾ ਸੀ। ੧੭੩੪ ਈ: ਵੇਲੇ ਦੇ ਕਈ ਜਥੇ ਹਾਂਸੀ ਹਿਸਾਰ ਤੇ ਭਵਾਨੀ ਤਕ ਆਏ ਹੋਏ ਸਨ ਤੇ ਬਿਨਾਂ ਰੋਕ ਟੋਕ ਇਲਾਕੇ ਵਿਚ ਉਗ੍ਰਾਹੀਆਂ ਕਰ ਰਹੇ ਸਨ।

**ਜ਼ਕਰੀਆ ਖਾਨ ਦੀ ਨੀਅਤ ਬਦਲੀ ਤੇ ਜਗੀਰ ਦੀ ਜ਼ਬਤੀ—**

ਇਸ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਬਹੁਤ ਥੋੜੇ ਸਿੰਘ ਹਾਜ਼ਰ ਸਨ। ਬਾਕੀ ਸਾਰੇ ਪੰਜਾਬ, ਮਾਲਵੇ, ਭਵਾਨੀ, ਹਾਂਸੀ ਹਿਸਾਰ ਤੱਕ ਖਿੰਡੇ ਪੁੰਡੇ ਹੋਏ ਸਨ। ਇਸ ਹਾਲਤ ਨੇ ਜ਼ਕਰੀਆ ਖਾਨ ਦੇ ਮਨ ਵਿਚ ਕੁਲਬਲਾਂਦੀ ਬੇਈਮਾਨੀ ਨੂੰ ਉਤੇਜਤ ਕਰ ਦਿਤਾ ਤੇ ਉਸ ਦੀ ਨੀਯਤ ਬਿਲਕੁਲ ਬਦਲ ਗਈ। ਉਸ ਨੂੰ ਫੁਰਿਆ ਕਿ ਸਿੰਘਾਂ ਦੀ ਦਿਨ ਬਦਿਨ ਵਧ ਰਹੀ ਤਾਕਤ ਨੂੰ ਕਰਾਰੀ ਸੱਟ ਮਾਰ ਕੇ ਖ਼ਤਮ ਕਰਨ ਦਾ ਮੌਕਾ ਬਣ ਗਿਆ ਹੈ। ਉਹ ਇਸੇ ਹੀ ਤਾੜ ਵਿਚ ਸੀ ਜਿਸ ਖ਼ਾਤਰ ਉਨ੍ਹਾਂ ਨੂੰ ਪਦਵੀਆਂ ਤੇ ਜਾਗੀਰਾਂ ਦੇ ਕੇ ਸੁਸਤ ਤੇ ਅਵੇਸਲਾ ਕਰਨ ਦੀ ਉਸ ਨੇ ਦਿੱਲੀ ਨਾਲ ਮਿਲ ਕੇ ਵਿਉਂਤ ਬਣਾਈ ਸੀ।

ਸੰਮਤ ੧੭੯੨ ਬਿਕ: (੧੭੩੫ ਈ:) ਵਿਚ ਜਾਗੀਰ ਜ਼ਬਤ ਕਰ ਲਈ ਤੇ ਨਵਾਬ ਕਪੂਰ ਸਿੰਘ ਨੂੰ ਲਿਖ ਭੇਜਿਆ ਕਿ ਹੁਣ ਦੇਸ਼ ਵਿਚ ਅਮਨ ਚੈਨ ਹੋ ਗਿਆ ਹੈ, ਸਿੰਘ ਪਿੰਡਾਂ ਵਿਚ ਵਾਹੀ ਬੀਜੀ ਕਰ ਕੇ ਗੁਜ਼ਾਰਾ ਕਰਨ। ਜਿਸ ਸਿੰਘ ਨੂੰ ਸਰਕਾਰੀ ਨੌਕਰੀ ਦੀ ਇਛਿਆ ਹੋਵੇ, ਇਸ ਦੀ ਵੀ ਪੂਰੀ ਖੁਲ੍ਹ ਹੈ, ਬੇਸ਼ਕ ਕਰ ਲਵੇ। ਨਵਾਬ ਕਪੂਰ ਸਿੰਘ ਨੇ ਉੱਤਰ ਵਜੋਂ ਲਿਖ ਭੇਜਿਆ ਕਿ ਸਿੰਘਾਂ ਨੂੰ ਕਿਸੇ ਹਾਲਤ ਵਿਚ ਵੀ ਤੁਹਾਡੀ ਤਾਬੇਦਾਰੀ ਮਨਜ਼ੂਰ ਨਹੀਂ। ਪਰ ਹਾਂ ਜੇ ਤੁਹਾਨੂੰ ਕੋਈ ਮੁਹਿੰਮ ਆ ਪਊ ਤਾਂ ਤੁਹਾਡੀ ਮਦਦ ਨੂੰ ਖਾਲਸਾ ਤਿਆਰ ਬਰ ਤਿਆਰ ਹੈ। ਅਸੀਂ ਆਪਣੇ ਬਚਨ ਤੇ ਕਾਇਮ ਹਾਂ। ਹੁਣ ਤੁਸੀਂ ਈਮਾਨ ਹਾਰ ਗਏ ਹੋ ਤੇ ਆਪਣੇ ਕੀਤੇ ਕੌਲਾਂ ਤੋਂ ਝੂਠੇ ਪੈ ਕੇ ਅਕਾਰਨ ਹੀ ਬਹਾਨੇ ਬਣਾ ਕੇ ਜਾਗੀਰ ਬੰਦ ਕਰ ਰਹੇ ਹੋ। ਇਸ ਤੋਂ ਮੁੜ ਪੈਦਾ ਹੋਣ ਵਾਲੀ ਬਦ-ਅਮਨੀ ਤੇ ਉਸ ਦਿਆਂ ਸਿਟਿਆਂ ਦੇ ਜ਼ਿਮੇਵਾਰ ਤੁਸੀਂ ਆਪ ਹੋਵੋਗੇ। ਅਸੀਂ ਅਮਨ ਚੈਨ ਚਾਹੁੰਦੇ ਹਾਂ ਤੇ ਪੂਰੀ ਦ੍ਰਿੜ੍ਹਤਾ ਨਾਲ ਆਪਣੇ ਇਕਰਾਰ ਤੇ ਕਾਇਮ ਹਾਂ। ਪਰ ਤੁਸਾਂ ਆਪਣੇ ਕੌਲ ਨੂੰ ਭੰਗ ਕਰ ਕੇ ਜੇ ਮੁੜ ਸਿੰਘਾਂ ਉਤੇ ਸਖ਼ਤੀ ਅਰੰਭੀ ਤੇ ਉਨ੍ਹਾਂ ਨੂੰ ਮਜਬੂਰ ਕਰ ਕੇ ਤਲਵਾਰ ਫੜਾਈ ਤਾਂ ਦੋਸ਼ ਉਨ੍ਹਾਂ ਦਾ ਨਹੀਂ, ਤੁਹਾਡਾ ਆਪਣਾ ਹੋਵੇਗਾ। ਅਸੀਂ ਪਹਿਲ ਨਹੀਂ ਕਰਾਂਗੇ। ਤੇ ਜੇ ਤੁਸਾਂ ਹੈਂਕੜ ਤੇ ਮੂਰਖਤਾ-ਵੱਸ ਹੋ ਕੇ ਵਾਰ ਕੀਤਾ ਤਾਂ ਕਦਾਚਿਤ ਇਹ ਨਾ ਭੁਲਣਾ ਕਿ ਖ਼ਾਲਸਾ ਜੀ ਆਪਣੇ ਉਤੇ ਹੋਏ ਵਾਰ ਨੂੰ ਝਲ ਕੇ, ਮੋੜਵਾਂ ਕਰਨਾ ਵੀ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਤੁਸੀਂ ਇਸ ਤੋਂ ਭਲੀ ਭਾਂਤ ਜਾਣੂ ਹੋ। ਸ਼ਾਨੂੰ ਤੁਹਾਡੀ ਕੋਈ ਭੁਲ ਨਹੀਂ ਤੇ ਸਾਡੇ ਬਾਰੇ ਤੁਹਾਥੋਂ ਕੁਝ ਘੁਥਾ ਨਹੀਂ। ਅਸੀਂ ਤੁਹਾਨੂੰ ਇਕ ਵਾਰ ਫਿਰ ਕਹਿੰਦੇ ਹਾਂ ਕਿ ਦੇਸ਼ ਵਿਚ ਅਮਨ ਚੈਨ ਬਣਿਆ ਰਹਿਣ ਦਿਉ।

ਜ਼ਕਰੀਆ ਖਾਨ ਨੇ ਇਨ੍ਹਾਂ ਗੱਲਾਂ ਵਲ ਕੋਈ ਧਿਆਨ ਨਾ ਦਿਤਾ। ਸੰਮਤ ੧੭੯੩ ਬਿਕ੍ਰਮੀ (੧੭੩੬ ਈ:) ਵਿਚ ਆਪਣੇ ਦੀਵਾਨ ਲਖਪਤ ਰਾਇ ਤੇ ਭਤੀਜੇ ਮੁਖ਼ਲਸ ਖਾਨ ਦੇ ਤਹਿਤ ਵਿਚ ਦਸ ਹਜ਼ਾਰ ਗਸ਼ਤੀ ਫੌਜ ਦੇ ਕੇ



www.AKJ.Org

ਸਿੰਘਾਂ ਦੇ ਵਿਰੁਧ ਚਾੜ੍ਹ ਦਿਤਾ। ਸ਼ਹਿਰਾਂ ਗ੍ਰਾਮਾਂ ਵਿਚ ਢੋਲ ਵਜਵਾ ਕੇ ਢੰਡੋਰਾ ਫਿਰਵਾ ਦਿਤਾ ਕਿ ਜੋ ਸਿੰਘਾਂ ਨੂੰ ਦਸ ਪਾ ਕੇ ਫੜਵਏਗਾ ਜਾਂ ਕਿਸੇ ਸਿੰਘ ਦਾ ਸਿਰ ਵਢ ਕੇ ਲਾਹੌਰ ਪਹੁੰਚਾਏਗਾ ਉਸ ਨੂੰ ਇਨਾਮ ਦਿਤਾ ਜਾਵੇਗਾ, ਇਜ਼ਤ ਵਧਾਈ ਜਾਵੇਗੀ। ਇਸ ਸਮੇਂ ਲੋਭੀ ਲੋਗ, ਜਿਨ੍ਹਾਂ ਦੇ ਸਿਰ ਨੂੰ ਸਿਖ ਮਾਰ ਮਰਵਾ ਕੇ ਸਵਾਬ ਹਾਸਲ ਕਰਨ ਦਾ ਬਹੁਤਾ ਜੋਸ਼ ਤੇ ਚਾਅ ਸੀ, ਥੋੜੇ ਹੀ ਸਿੰਘਾਂ ਪਿਛੇ ਪਏ। ਕਿਉਂਕਿ ਪਹਿਲੇ ਜਦ ਸੰਮਤ ੧੭੯੭ ਨੂੰ ਜਿਨ੍ਹਾਂ ਜਿਨ੍ਹਾਂ ਨੇ ਮਾਰ ਮਰਵਾਏ ਤੇ ਇਨਾਮ ਪਾਏ ਸਨ, ਮੌਕਾ ਪਾ ਕੇ ਸਿੰਘਾਂ ਨੇ ਵੀ ਉਨ੍ਹਾਂ ਦੀਆਂ ਜੜ੍ਹਾਂ ਰਗੜ ਰਗੜ ਕੇ ਵਢੀਆਂ ਸਨ। ਉਨ੍ਹਾਂ ਲਇਆਂ ਬਦਲਿਆਂ ਤੋਂ ਡਰਦੇ ਚੁਗਲ, ਮੁਖ਼ਬਰ ਤੇ ਚੌਧਰੀ ਤਾਂ ਭਾਵੇਂ ਦਬੇ ਰਹੇ, ਪਰ ਗਸ਼ਤੀ ਫੌਜ ਨੇ ਚਾਰ ਕੁ ਮਹੀਨੇ ਖ਼ੂਬ ਊਧਮ ਮਚਾਇਆ ਤੇ ਸਿੰਘਾਂ ਨੂੰ ਫਿਰ ਘਰ ਬਾਰ ਛਡਣ ਤੇ ਮਜਬੂਰ ਕਰ ਦਿਤਾ।

ਲਖਪਤ ਦੀ ਗਸ਼ਤੀ ਫੌਜ ਮਨ-ਮਾਨੀਆਂ ਇਸ ਲਈ ਕਰਦੀ ਰਹੀ, ਕਿਉਂਕਿ ਸਿੰਘ ਸ੍ਰੀ ਅੰਮ੍ਰਿਤਸਰ ਤੋਂ ਦੂਰ ਖਿੰਡੇ ਪੁੰਡੇ ਹੋਏ ਸਨ। ਬੁਢਾ ਦਲ ਬਹੁਤੀ ਦੇਰ ਤਕ ਗਸ਼ਤੀ ਫੌਜ ਦਾ ਟਾਕਰਾ ਨਾ ਕਰ ਸਕਣ ਕਰਕੇ ਸਤਲੁਜੋਂ ਪਾਰ ਦਖਣ ਨੂੰ ਮਾਲਵੇ ਵਲ ਚਲਿਆ ਗਿਆ, ਜਿਥੇ ਸ: ਆਲਾ ਸਿੰਘ ਨੇ ਉਨ੍ਹਾਂ ਦੀ ਬੜੀ ਆਉ ਭਗਤ ਕੀਤੀ। ਪਰ ਦਲ ਏਥੇ ਬਹੁਤੇ ਸਮੇਂ ਤਕ ਨਾ ਟਿਕਿਆ ਤੇ ਛੇਤੀ ਹੀ ਪਿਛਾਂਹ ਮੁੜ ਪਿਆ। ਸਰਕਾਰ ਦੀ ਮੁੜ ਸਖ਼ਤੀ ਅਰੰਭਣ ਦੀਆਂ ਖ਼ਬਰਾਂ ਹਾਂਸੀ ਹਿਸਾਰ ਵਲ ਫਿਰਦਿਆਂ ਤਰੁਣਾ ਦਲ ਨੂੰ ਵੀ ਮਿਲ ਗਈਆਂ ਤੇ ਉਹ ਪਿਛਾਂਹ ਪੰਜਾਬ ਵਲ ਨੂੰ ਮੁੜ ਪਿਆ ਤੇ ਦੋਵੇਂ ਦਲ ਦਰਿਆ ਟੱਪ ਪਏ। ਬੁਢਾ ਦਲ ਬੰਡ ਲੇ ਵਾਲੇ ਪਤਣੋਂ ਨਜ਼ਦੀਕ ਗਾਹਣ ਰਾਹੀਂ ਲੰਘ ਕੇ ਮਾਝੇ ਵਿਚ ਆ ਗਿਆ। ਤਰੁਣਾ ਦਲ ਤਲਵਣ ਦੇ ਪਾਸ ਗਾਹਣ ਲੰਘ ਕੇ ਦੁਆਬੇ ਵਿਚ ਆ ਚੜ੍ਹਿਆ ਤੇ ਮੰਝ ਰਾਜਪੂਤਾਂ ਦਾ ਦੇਸ਼ ਮੰਜ ਕੀ, ਜਿਸ ਵਿਚ ਜੰਡਿਆਲਾ, ਬੁੰਡਾਲਾ, ਤਲਵਣ, ਸਰੀਂਹ, ਸਾਕਰ, ਰੁੜਕਾ, ਨਕੋਦਰ, ਬਿਲਗਾ, ਨੂਰ ਮਹਿਲ ਤਲਵੰਡੀ, ਦੁਸਾਂਝਾਂ ਮੌਮਾਰੀ ਦਖਣੀ ਆਦਿਕ ਵੱਡੇ ਵੱਡੇ ਧਨੀ ਪਿੰਡ ਸਨ, ਨੂੰ ਚੰਗੀ ਤਰ੍ਹਾਂ ਸੋਧਿਆ ਤੇ ਮੰਝ ਰਾਜਪੂਤਾਂ (ਰੰਘੜਾਂ) ਦੀ ਬੁਰੀ ਤਰ੍ਹਾਂ ਆਕੜ ਭੰਨੀ, ਜੋ ਕਈ ਸਾਲ ਮੁੜ ਕੰਨ ਵਿਚ ਪਾਏ ਨਾ ਦੁਖੇ।

ਇਸ ਤੋਂ ਪਿਛੋਂ ਢੱਕ, ਦੋਨਾਂ, ਕਢੀ, ਸ਼ਿਯਾਮ ਚੁਰਾਸੀ ਆਦਿਕ ਦਵਾਰੇ ਦੇ ਪਰਗਣੇ ਦੀ ਚੰਗੀ ਸੁਧਾਈ ਕੀਤੀ। ਫਿਰ ਦੋਵੇਂ ਦਲਾਂ ਮਾਝੇ ਵਿਚ ਰਲ ਕੇ ਗਸ਼ਤੀ ਫੌਜ ਨਾਲ ਟੱਕਰਾਂ ਲੈਣੀਆਂ ਸ਼ੁਰੂ ਕਰ ਦਿਤੀਆਂ। ਸਭ ਤੋਂ ਵਡੀ ਟੱਕਰ ਲਾਹੌਰ ਦੇ ਲਾਗੇ ਹੁਜਰਾ ਸ਼ਾਹ ਮੁਕੀਮ ਪਾਸ ਹੋਈ, ਜਿਥੇ ਗਸ਼ਤੀ ਫੌਜ ਨੂੰ ਬੜੀ ਭਾਰੀ ਹਾਰ ਦਿਤੀ। ਇਸ ਵਿਚ ਦੁਵੱਲਾ ਨੁਕਸਾਨ ਹੋਇਆ। ਗਸ਼ਤੀ ਫੌਜ ਦੇ ਹਜ਼ਾਰਾਂ ਸਿਪਾਹੀਆਂ ਨਾਲ ਲਖਪਤ ਰਾਇ ਦਾ ਭਤੀਜਾ ਦੁਨੀ ਚੰਦ ਅਤੇ ਲਾਹੌਰ ਸਰਕਾਰ ਦੇ ਦੋ ਉਘੇ ਫੌਜਦਾਰ ਜਮਾਲ ਖਾਨ ਤੇ ਤਾਤਾਰ ਖਾਨ ਮਾਰੇ ਗਏ। ਹਾਰੀ ਹੋਈ ਫੌਜ ਨੇ ਲਾਹੌਰ ਜਾ ਦਮ ਲਿਆ।

ਸਿੰਘਾਂ ਪਰਗਣੇ ਗੁਰਦਾਸਪੁਰ, ਕਲਾਨੌਰ, ਪਸਰੂਰ, ਸਿਆਲਕੋਟ, ਸੋਦਰਾ, ਵਜ਼ੀਰਾਬਾਦ, ਕੁੰਜਾਹ, ਅਲੀਗੜ੍ਹ, ਸ਼ਕਰਪੁਰ ਆਦਿਕ ਵੀ ਸੋਧ ਕੇ ਉਗ੍ਰਾਹ ਲਏ।

**ਸਿੰਘਾਂ ਲਈ ਅੰਮ੍ਰਿਤਸਰ ਦਿਆਂ ਦਰਸ਼ਨਾਂ ਤੇ ਬੰਦਸ਼—**

ਗਸ਼ਤੀ ਫੌਜ ਜੋ ਸਿੰਘਾਂ ਨੂੰ ਮਾਰਨ ਗਈ ਸੀ, ਉਸਦੀ ਆਪਣੀ ਦੁਰਦਸ਼ਾ ਹੁੰਦੀ ਵੇਖ ਕੇ ਜ਼ਕਰੀਆ ਖਾਨ ਦਾ ਸਕੂਨ ਜਾਂਦਾ ਰਿਹਾ ਤੇ ਰਾਤ ਦੀ ਨੀਂਦ ਹਰਾਮ ਹੋ ਗਈ। ਜਨਤਾ ਨੂੰ ਕੀ ਮੂੰਹ ਵਿਖਾਵੇ। ਬਾਦਸ਼ਾਹ ਦੀ ਨਾਰਾਜ਼ਗੀ ਵਖਰੀ। ਕੁਝ ਸੁਝੇ ਔੜੇ ਨਾ। ਉਸ ਨੇ ਕਾਜ਼ੀਆਂ, ਉਲਿਮਾਂ, ਮੌਲਵੀਆਂ ਮੁਲਾਣਿਆਂ ਤੇ ਮੁਫਤੀਆਂ ਨੂੰ ਬੁਲਾ ਕੇ ਪੁਛਿਆ ਕਿ ਉਹ ਸਿਖਾਂ ਨੂੰ ਤਬਾਹ ਕਰਨ ਲਈ ਸਾਰੇ ਹੀਲੇ ਹਰਬੇ ਵਰਤ ਚੁਕਿਐ, ਕਿਹੜਾ ਜ਼ੁਲਮ ਹੈ ਜੋ ਉਨ੍ਹਾਂ ਤੇ ਨਹੀਂ ਕੀਤਾ। ਸਖ਼ਤੀ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛਡੀ। ਉਹ ਖ਼ਤਮ ਹੋਣ ਦੀ ਥਾਂ ਸਗੋਂ ਉਲਟੇ ਦਿਨੋ ਦਿਨ ਵਧੇ ਹਨ। ਇਨ੍ਹਾਂ ਦੀ ਇਸ ਤਰੱਕੀ ਤੇ ਵਾਧੇ ਦਾ ਕੀ ਭੇਤ ਹੈ ? ਉਨ੍ਹਾਂ ਇਕ-ਜ਼ਬਾਨ ਹੋ ਕੇ ਜਵਾਬ ਦਿਤਾ ਕਿ ਰੱਬ ਜਾਣੇ ਇਨ੍ਹਾਂ ਦੇ ਗੁਰੂ ਨੇ ਗੁਰੂ-ਚੱਕ ਦੇ ਸਰੋਵਰ ਵਿਚ ਕੀ ਅਜਿਹਾ ਆਬ-ਏ-ਹਯਾਤ ਪਾ ਦਿਤਾ ਹੈ ਜਿਸ ਨੂੰ ਪੀ ਕੇ ਤੇ ਜਿਸ ਵਿਚ ਨਹਾ ਕੇ ਐਸੇ ਨਿਡਰ, ਦਲੇਰ ਤੇ ਬੇਪਰਵਾਹ ਹੋ ਜਾਂਦੇ ਹਨ ਕਿ ਮੌਤ ਨੂੰ ਤਾਂ ਸਮਝਦੇ ਹੀ ਕੁਝ ਨਹੀਂ। ਜਿੰਨਾ ਚਿਰ ਇਹ ਇਸ ਆਬ-ਏ-ਹਯਾਤ ਨੂੰ ਪੀਂਦੇ ਰਹਿਣਗੇ ਤੇ ਇਸ ਵਿਚ



www.AKJ.Org

ਗੁਸਲ (ਇਸ਼ਨਾਨ) ਕਰਦੇ ਰਹਿਣਗੇ, ਇਨ੍ਹਾਂ ਦਾ ਕੋਈ ਵਾਲ ਵਿੰਗਾ ਨਾ ਕਰ ਸਕੂ। ਇਹ ਦਿਨ-ਬਦਿਨ ਹਮੇਸ਼ਾ ਤਰੱਕੀ ਹੀ ਕਰਦੇ ਜਾਣਗੇ। ਹਾਂ, ਜੇ ਇਨ੍ਹਾਂ ਨੂੰ ਇਨ੍ਹਾਂ ਦੋਹਾਂ ਗੱਲਾਂ ਤੋਂ ਰੋਕ ਦਿਤਾ ਜਾਵੇ, ਇਨ੍ਹਾਂ ਨੂੰ ਬੜੀ ਆਸਾਨੀ ਨਾਲ ਕਾਬੂ ਕਰ ਕੇ ਖ਼ਤਮ ਕੀਤਾ ਜਾ ਸਕਦੈ। ਫਿਰ ਜਦ ਨਜੂਮੀਆਂ ਤੇ ਜੋਤਸ਼ੀਆਂ ਤੋਂ ਇਸ ਬਾਰੇ ਉਨ੍ਹਾਂ ਦੀ ਰਾਇ ਪੁਛੀ ਤਾਂ ਉਨ੍ਹਾਂ ਵੀ ਇਨ੍ਹਾਂ ਮੁਲਾਣਿਆਂ ਦੀ ਹਾਂ ਵਿਚ ਹਾਂ ਮਿਲਾਈ ਕਿ ਸਿਖਾਂ ਦਾ ਇਲਾਜ ਬਸ ਇਹੋ ਹੀ ਹੈ।

ਸਿੰਘਾਂ ਦੀ ਮਾਰ ਤੋਂ ਡਰੇ ਹੋਏ ਵਹਿਮੀ ਜ਼ਕਰੀਆ ਖਾਨ ਨੇ ਮੁਲਾਣਿਆਂ ਕਾਜ਼ੀਆਂ ਦੀ ਗੱਲ ਤੇ ਯਕੀਨ ਕਰ ਲਿਆ ਤੇ ਕਾਜ਼ੀ ਅਬਦੁੱਰ ਜ਼ਾਕ ਤੇ ਮੁਹੰਮਦ ਬਖਸ਼ ਨੂੰ ਦੋ ਹਜ਼ਾਰ ਫੌਜ ਦੇ ਕੇ ਸਰੋਵਰ ਦੇ ਦੁਆਲੇ ਕਰੜਾ ਪਹਿਰਾ ਬਿਠਾ ਦੇਣ ਲਈ ਭੇਜਿਆ ਕਿ ਕੋਈ ਸਿਖ ਸਰੋਵਰ ਵਿਚ ਨਾ ਨ੍ਹਾਵੇ, ਨਾ ਮੇਲਾ ਲੱਗੇ। ਜ਼ਕਰੀਆ ਖਾਨ ਦੀ ਇਹ ਭੁਲ ਸੀ। ਗੁਰੂ ਕੇ ਸਿੰਘਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਅਤੇ ਸਰੋਵਰ ਵਿਚ ਇਸ਼ਨਾਨ ਤੋਂ ਭਲਾ ਕੌਣ ਰੋਕੇ! ਇਨ੍ਹਾਂ ਦੋਹਾਂ ਦਾਤਾਂ ਤੋਂ ਵਾਂਝਿਆਂ ਰਹਿ ਕੇ ਉਨ੍ਹਾਂ ਦਾ ਕੀ ਜੀਉਣਾ ਸੀ! ਉਹ ਸਿਰ ਤਲੀ ਤੇ ਰਖ ਕੇ ਭੀ ਪੁਜ ਜਾਣ ਅਤੇ ਰਾਤ ਬਰਾਤੇ, ਲੁਕ ਛਿਪ ਕੇ, ਭੇਸ ਬਦਲ ਕੇ ਆਪ ਜਾਂ ਸਮੇਤ ਘੋੜਿਆਂ ਦੀ ਟੁਭੀ ਲਾ ਕੇ ਗੁਰੂ ਰਾਮ ਦਾਸ ਨੂੰ ਸਿਰ ਨਿਵਾ ਕੇ ਜੈਕਾਰੇ ਗਜਾਉਂਦੇ ਜਿਧਰੋਂ ਆਉਣ, ਉਧਰ ਹੀ ਹਰਨ ਹੋ ਜਾਣ। ਪਹਿਰੇਦਾਰ ਚੁਫੇਰੇ ਬਣਾਏ ਬੁਰਜਾਂ ਚੋਂ ਵਾਲੀਆਂ ਝਾੜਦੇ, ਸੌ ਸੌ ਜਤਨ ਕਰਦੇ, ਪਰ ਸਿੰਘਾਂ ਨੂੰ ਨਾ ਰੋਕ ਸਕੇ। ਵੈਰੀ ਨੂੰ ਉਹ ਤੁੱਛ ਸਮਝਦੇ ਸਨ ਤੇ ਮੌਤ ਦਾ ਉਨ੍ਹਾਂ ਨੂੰ ਕੋਈ ਭੈ ਨਹੀਂ ਸੀ।

ਯਾਦ ਰਹੇ ਕਿ ਕਾਜ਼ੀ ਅਬਦੁੱਰ ਜ਼ਾਕ ਨੇ ਸਰੋਵਰ ਦੇ ਚੁਫੇਰੇ ਚਾਰ ਬੁਰਜ ਉਸਾਰ ਕੇ ਵਿਚ ਬੰਦੂਕਾਂ ਦੇ ਕੇ ਚੰਗੇ ਨਿਸ਼ਾਨਚੀ ਪਹਿਰੇਦਾਰ ਬਿਠਾ ਦਿਤੇ ਸਨ, ਤਾਕਿ ਕੋਈ ਦਰਸ਼ਨ ਇਸ਼ਨਾਨ ਨੂੰ ਆਇਆ ਸਿੰਘ ਬਚ ਕੇ ਨਾ ਜਾਵੇ। ਇਹ ਪਰਬੰਧ ਪੱਕਾ ਕਰ ਕੇ ਸਿੰਘਾਂ ਨੂੰ ਅਖਵਾ ਭੇਜਿਆ ਸੀ ਕਿ ਜੇ ਸਿੰਘ ਹੋ ਤਾਂ ਹੁਣ ਇਸ਼ਨਾਨ ਕਰ ਕੇ ਵਿਖਾਉ, ਨਹੀਂ ਤਾਂ ਆਪਣੇ ਆਪ ਨੂੰ ਗਿੱਦੜ ਅਖਵਾਉ। ਸੁਖਾ ਸਿੰਘ ਮਾੜੀ ਕੰਬੋਕੀ ਤੇ ਥਰਾਜ ਸਿੰਘ (ਭਾਈ ਮਨੀ ਸਿੰਘ ਦਾ ਭਤੀਜਾ) ਨੇ ਸਿੰਘਾਂ ਵਲੋਂ ਜਵਾਬ ਘਲਵਾਇਆ ਕਿ ਅਸੀਂ ਦਿਨ ਦੀਵੀਂ ਸਣਕੇਸੀਂ ਇਸ਼ਨਾਨ ਨਾ ਕਰੀਏ ਤਾਂ ਅਸੀਂ ਵਾਕਿਆ ਹੀ ਗਿੱਦੜ ਅਖਵਾਵਾਂਗੇ ਤੇ ਜੇ ਤੂੰ ਤੇ ਤੇਰੀ ਫੌਜ ਡੱਕ ਨਾ ਸਕੀ ਤਾਂ ਤੁਸੀਂ ਪੱਕੀ ਗਿਦੜਾਂ ਦੀ ਔਲਾਦ ਸਮਝਿਉ ਆਪਣੇ ਆਪ ਨੂੰ। ਇਸ ਚਨੌਤੀ ਤੇ ਪਹਿਰੇ ਹੋਰ ਪੱਕੇ ਕਰ ਦਿਤੇ ਗਏ। ਸੁਖਾ ਸਿੰਘ ਤੇ ਥਰਾਜ ਸਿੰਘ ਨੇ ਤੁਰਕਮਾਨਾਂ ਵਾਲਾ ਭੇਸ ਬਣਾਇਆ। ਮੰਜੀ ਸਾਹਿਬ ਵਲੋਂ ਘੋੜੇ ਅੰਦਰ ਵਾੜ ਕੇ ਸਰੋਵਰ ਵਿਚ ਸੁਟੇ, ਟੁਭੇ ਲਾਏ ਤੇ ਫਿਰ ਸਿਰ ਦੇ ਕੇਸ ਵੀ ਖੋਲ੍ਹ ਲਏ ਕਿ ਕਿਸੇ ਨੂੰ ਸ਼ੱਕ ਨਾ ਰਹੇ ਪਹਿਰੇਦਾਰਾਂ ਪਹਿਲਾਂ ਤਾਂ ਸਮਝਿਆ ਕਿ ਤੁਰਕਮਾਨ ਸਵਾਰ ਗਰਮੀ ਤੋਂ ਆਤਰ ਹੋ ਕੇ ਗੁਸਲ ਕਰ ਰਹੇ ਹਨ। ਦੋਹਾਂ ਸੂਰਮਿਆਂ ਬਾਹਰ ਨਿਕਲ ਕੇ ਜੈਕਾਰਾ ਗਜਾਇਆ ਤੇ ਲਲਕਾਰ ਕੇ ਆਖਿਆ, ਕਾਜ਼ੀ ਗਿੱਦੜਾ, ਸਿੰਘ ਇਸ਼ਨਾਨ ਕਰ ਕੇ ਜਾ ਰਹੇ ਹਨ। ਗੋਲੀਆਂ ਦੱਗੀਆਂ, ਤਲਵਾਰਾਂ ਧੂਹ ਕੇ ਉਨ੍ਹਾਂ ਨੂੰ ਪਏ, ਪਰ ਉਹ ਮਾਰਦੇ ਕਟਦੇ ਨਿਕਲ ਗਏ ਤੇ ਕਹਿ ਗਏ, ਅਸੀਂ ਨਿਤ ਆਇਆ ਕਰਾਂਗੇ, ਵੱਡੇ ਗਿੱਦੜ ਨੂੰ ਕਹਿਓ ਕਿ ਜ਼ਰਾ ਕਾਇਮ ਰਹੇ। ਸਿੰਘਾਂ ਵਿਚ ਵੀ ਫੈਲ ਗਈ ਕਿ ਜੋ ਐਸ ਹਾਲਤ ਵਿਚ ਇਸ਼ਨਾਨ ਨਾ ਕਰੇ, ਉਹ ਸਿੰਘ ਹੀ ਨਹੀਂ। ਸਿੰਘ ਜਾਨ ਤਲੀ ਤੇ ਧਰ ਕੇ ਆਉਂਦੇ, ਕਈ ਮਾਰ ਕੇ ਆਪ ਵੀ ਲਖੇ ਲੱਗੇ, ਕਈ ਜ਼ਖਮੀ ਹੋ ਕੇ ਨਿਕਲ ਵੀ ਗਏ, ਪਰ ਇਸ਼ਨਾਨ ਤੋਂ ਵਾਂਝੇ ਨਾ ਰਹੇ। ਸ਼ਮਾਅ ਜਲੇ ਤੇ ਪਤੰਗਾ ਰੁਕ ਜਾਵੇ, ਅਨਹੋਣੀ ਗੱਲ ਹੈ। ਸੂਰਮਿਆਂ ਦੇ ਸਿਰਾਂ ਨਾਲ ਦਾਈਏ ਹੁੰਦੇ ਹਨ, ਸੋ ਸਿੰਘਾਂ ਕਰ ਵਿਖਾਈ। ਜਾਨ ਪਿਆਰੀ ਕੀਤਿਆਂ ਆਣ ਦੀ ਅਜ਼ਮਾਇਸ਼ ਚੋਂ ਪਾਸ ਨਹੀਂ ਹੋਇਆ ਜਾਂਦਾ। ਗੁਰੂ ਮਹਾਰਾਜ ਲਈ ਸਿਖ ਸਭ ਕੁਝ ਨਿਛਾਵਰ ਕਰ ਦੇਂਦਾ ਹੈ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (੧੪੧੨)

ਅਨੁਸਾਰ ਹਰਿ ਕੇ ਦੁਆਰ ਸ਼ਹੀਦ ਹੋਣ ਨੂੰ ਉਹ ਧੰਨ ਭਾਗ ਸਮਝਦੇ ਸਨ। ਸਰੋਵਰ ਦੇ ਚੁਫੇਰੇ ਪਸਰੀ ਮੌਤ ਦੇ ਸਾਹਮਣੇ ਦਿਖਾਈ ਜਾਣ ਵਾਲੀ ਦਲੇਰੀ, ਅਥਾਹ ਧਾਰਮਿਕ ਜਜ਼ਬੇ ਤੇ ਆਪਣੇ ਸਤਿਗੁਰੂ ਦੇ ਦੁਆਰੇ ਕੁਰਬਾਨ


www.AKJ.Org

ਹੋਣ ਲਈ ਸਪਿਰਿਟ ਦਾ ਜ਼ਿਕਰ ਜਾਨ ਮੈਲਕਮ ਨੇ ਆਪਣੀ ਪ੍ਰਸਿਧ ਪੁਸਤਕ "ਸਕੈੱਚ ਆਫ਼ ਦੀ ਸਿਖਸ" ਵਿਚ ਇਸ ਪ੍ਰਕਾਰ ਕੀਤਾ ਹੈ :

"ਕੁਝ ਲੁਕ ਛੁਪ ਕੇ ਯਾਤਰਾ ਕਰਦੇ ਸਨ, ਕੁਝ ਭੇਸ ਬਦਲ ਕੇ । ਪਰ ਇਕ ਮੁਸਲਮਾਨ ਸਮਕਾਲੀ ਲਿਖਾਰੀ ਅਨੁਸਾਰ, ਸਿਖ ਘੋੜ-ਚੜ੍ਹੇ ਆਮ ਤੌਰ ਤੇ ਪੂਰੀ ਰਫ਼ਤਾਰ ਨਾਲ ਆਪਣੇ ਧਰਮ-ਮੰਦਰ (ਸ੍ਰੀ ਹਰਿਮੰਦਰ ਸਾਹਿਬ) ਵਲ ਘੋੜੇ ਭਜਾਈ ਜਾਂਦੇ ਵੇਖੀਦੇ ਸਨ । ਕਈ ਵਾਰੀ ਉਹ ਇਸ ਜਤਨ ਵਿਚ ਮਾਰੇ ਜਾਂਦੇ ਸਨ ਅਤੇ ਕਈ ਫੜੇ ਜਾਂਦੇ ਸਨ, ਪਰ ਅਜਿਹੇ ਮੌਕੇ ਤੇ ਉਹ ਜਾਨ ਬਚਾਉਣ ਨਾਲੋਂ ਸ਼ਹੀਦੀ ਦਾ ਤਾਜ ਪ੍ਰਾਪਤ ਕਰਨ ਦੀ ਇਛਾ ਕਰਦੇ ਸਨ ।"

ਅਤੇ ਉਹੀ ਲਿਖਾਰੀ ਲਿਖਦਾ ਹੈ ਕਿ "ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅੰਮ੍ਰਿਤਸਰ ਨੂੰ ਜਾਂਦੇ ਫੜੇ ਗਏ ਕਿਸੇ ਇਕ ਭੀ ਸਿਖ ਨੇ ਆਪਣਾ ਧਰਮ ਤਿਆਗਣਾ ਪ੍ਰਵਾਨ ਕੀਤਾ ਹੋਵੇ ।"† —ਚਲਦਾ]

† ਜਾਨ ਮੈਲਕਮ—ਸਕੈੱਚ ਆਫ਼ ਦੀ ਸਿਖਸ (੧੮੧੨) ਸਫ਼ਾ ੮੮, ਡਾ: ਗੰਡਾ ਸਿੰਘ—ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਫ਼ਾ ੪੧. ਫੁਟਨੋਟ ਦਾ ਪੰਜਾਬੀ ਰੂਪ ।

# ਇਕ ਪੰਥ-ਰਤਨ ਦਾ ਵਿਛੋੜਾ

ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਪੰਥ ਵਿਚ ਬੜੀ ਸਤਿਕਾਰੀ ਜਾਣ ਵਾਲੀ ਸ਼ਖ਼ਸੀਅਤ ਸਨ । ਆਪ ਜੀ ਬੜੇ ਠੰਢੇ ਸੁਭਾਅ ਵਾਲੇ, ਮਿਲਾਪੜੇ ਅਤੇ ਮਿਠਬੋਲੇ ਸਨ । ਹਰੇਕ ਨੂੰ ਨਿਮਰਤਾ-ਗਰੀਬੀ ਵਿਚ ਬੜੇ ਪਿਆਰ ਨਾਲ ਮਿਲਣਾ, ਜਿਸ ਕਰਕੇ ਹਰ ਕੋਈ ਉਨ੍ਹਾਂ ਵਲ ਖਿਚਿਆ ਜਾਂਦਾ ਸੀ । ਉਨ੍ਹਾਂ ਨੂੰ ਕਦੇ ਕਿਸੇ ਨੇ ਕਉੜਾ ਬੋਲਦਿਆਂ ਨਹੀਂ ਸੀ ਡਿਠਾ ਅਤੇ ਨਾ ਹੀ ਹਉਮੈ ਵਿਚ ਬੜ੍ਹਕਾਂ ਮਾਰਦਿਆਂ ਵੇਖਿਆ । ਆਪ ਜੀ ਨਿਰਛਲ, ਨਿਸਕਪਟ ਤੇ ਨਿਰਲੋਭ ਪੰਥ ਦੇ ਸੇਵਕ ਸਨ ।

ਆਪ ਜੀ ਗੁਰਬਾਣੀ ਦੇ ਰਸੀਏ ਤੇ ਸੁਰਤਿ ਅਭਿਆਸੀ ਗੁਰਮੁਖ ਸਨ । ਕਈ ਵੇਰ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਅੰਦਰ ਕੀਰਤਨ ਵਿਚ ਜੁੜੇ ਬੈਠਿਆਂ ਦੇ ਸੰਗਤ ਵਿਚ ਦਰਸ਼ਨ ਹੁੰਦੇ ਸਨ । ਆਪ ਜਿਥੇ ਕੀਰਤਨ ਸ੍ਰਵਣ ਕਰਨ ਦੇ ਪ੍ਰੇਮੀ ਸਨ ਉਥੇ ਆਪ ਵੀ ਕੀਰਤਨ ਕਰ ਕੇ ਸਤਿਗੁਰੂ ਜੀ ਅਤੇ ਸਿਖ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੁੰਦੇ ਸਨ । ਅਖੰਡ ਕੀਰਤਨੀ ਜਥੇ ਦੇ ਕਈ ਕੀਰਤਨ-ਸਮਾਗਮਾਂ ਵਿਚ ਆਪ ਜੀ ਘੰਟਿਆਂ ਬਧੀ ਕੀਰਤਨ ਸ੍ਰਵਣ ਕਰਦੇ ਰਹੇ ਅਤੇ ਆਪ ਵੀ ਕੀਰਤਨ ਕਰਨ ਦੀ ਸੇਵਾ ਨਿਭਾਂਦੇ ਰਹੇ । ਇਕ ਵੇਰ ਵੈਸਾਖੀ ਸਮਾਗਮ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਪ ਜੀ ਨੇ ਅਖੰਡ ਕੀਰਤਨੀ ਜਥਿਆਂ ਨਾਲ ਮਿਲ ਕੇ ਕੀਰਤਨ ਦੀ ਸੇਵਾ ਨਿਭਾਈ, ਜਿਸ ਦੀ ਸਿਮ੍ਰਿਤੀ ਮੂਵੀ ਫ਼ਿਲਮ ਰਾਹੀਂ ਰੀਕਾਰਡ ਕੀਤੀ ਹੋਈ ਹੈ ।

ਐਸੇ ਸੱਚੇ ਸੁੱਚੇ ਸੇਵਕ ਉਤੇ ੨੦-੮-੮੫ ਨੂੰ ਕਾਤਲਾਨਾ ਹਮਲਾ ਕੀਤਾ ਗਿਆ, ਜੋ ਅਤਿ ਨੀਚਤਾ ਵਾਲਾ ਕਰਤੱਵ ਹੈ । ਆਪ ਦੇ ਚਲਾਣੇ ਨਾਲ ਪੰਥ ਨੂੰ ਨਾ-ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ । ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪੰਥ ਦੇ ਕਾਰਜ-ਕਰਤਾ ਭਦਰ ਪੁਰਸ਼ਾਂ ਨੂੰ ਉਹਨਾਂ ਦੀਆਂ ਲੀਹਾਂ ਤੇ ਚਲ ਕੇ ਪੰਥ ਲਈ ਮਰ ਮਿਟਣ ਦੀ ਭਾਵਨਾ ਪ੍ਰਦਾਨ ਕਰਨ ।

**ਪਰਚੇ ਗੁੰਮ ਤੇ ਚਿੱਟ ਨੰਬਰ**—ਪਾਠਕ ਜੀ, ਜੇ ਆਪ ਦਾ ਪਰਚਾ ਮਹੀਨੇ ਦੇ ਅੱਧ ਤਕ ਨਾ ਪੁਜੇ ਤਾਂ ਕਿਤੇ ਰਸਤੇ ਵਿਚ ਗੁੰਮ ਗਿਆ ਸਮਝੋ । ਦੋਬਾਰਾ ਪਰਚਾ ਭੇਜਣ ਲਈ ਕਾਰਡ ਪਾਓ, ਹੋਰ ਪਰਚਾ ਭੇਜ ਦਿਤਾ ਜਾਵੇਗਾ । ਚਿੱਠੀ ਪੱਤਰ ਤੇ ਰਕਮ ਜਦ ਵੀ ਭੇਜੋ, ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਤੁਹਾਡਾ ਚਿੱਟ ਨੰਬਰ ਤੁਹਾਡੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਲਿਖਿਆ ਹੁੰਦਾ ਹੈ ।



www.AKJ.Org

# ਘਲੂਘਾਰੇ ਦੀ ਕਹਾਣੀ ਵੇਦਾਂਤੀ ਜੀ ਦੀ ਜ਼ਬਾਨੀ

[ਪ੍ਰੋ: ਲਾਭ ਸਿੰਘ ਜੀ, ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ]

ਜੂਨ ੧੯੮੪ ਦੇ ਪਹਿਲੇ ਹਫਤੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਜੋ ਫੌਜੀ ਕਾਰਵਾਈ ਹੋਈ, ਉਸ ਨਾਲ ਕਈ ਨਿਰਦੋਸ਼ ਸਿੰਘ ਸਿੰਘਣੀਆਂ ਤੇ ਬੱਚਿਆਂ ਨੂੰ ਭਿਆਨਕ ਤਸੀਹੇ ਝਲਣੇ ਪਏ। ਦਰਬਾਰ ਸਾਹਿਬ ਦੇ ਕਈ ਮੁਲਾਜ਼ਮਾਂ ਦੀ ਰਿਹਾਇਸ਼ ਪ੍ਰਕਰਮਾ ਦੇ ਚੌਗਿਰਦੇ ਦੇ ਮਕਾਨਾਂ ਵਿਚ ਸੀ। ਉਹਨਾਂ ਮੁਲਾਜ਼ਮਾਂ ਨੂੰ ਫੌਜੀ ਐਕਸ਼ਨ ਸਮੇਂ ਉਹਨਾਂ ਦੇ ਪਰਵਾਰਾਂ ਸਮੇਤ ਗ੍ਰਿਫਤਾਰ ਕੀਤਾ ਗਿਆ। ਕੁਝ ਕੁ ਮੁਲਾਜ਼ਮਾਂ ਦੀਆਂ ਜਾਨਾਂ ਗਈਆਂ। ਕਈਆਂ ਨੂੰ ਬੇਰਹਿਮੀ ਨਾਲ ਕੁਟਿਆ ਮਾਰਿਆ ਗਿਆ। ਉਹਨਾਂ ਦੇ ਘਰਾਂ ਦਾ ਸਾਰਾ ਸਾਮਾਨ ਲੁਟਿਆ ਪੁਟਿਆ ਤੇ ਸਾੜਿਆ ਫੂਕਿਆ ਗਿਆ। ਇਹਨਾਂ ਮੁਲਾਜ਼ਮਾਂ ਦੀ ਕਰੜੀ ਸਕਰੀਨਿੰਗ ਤੇ ਜਾਂਚ ਪੜਤਾਲ ਲਈ ਇਹਨਾਂ ਨੂੰ ਹਫਤਿਆਂ ਬੱਧੀ ਕੈਂਪ ਜੇਲ੍ਹਾਂ ਦੇ ਬੰਦ ਕਮਰਿਆਂ ਵਿਚ ਕਰੜੇ ਫੌਜੀ ਪਹਿਰੇ ਹੇਠ ਰਖਿਆ ਗਿਆ। ਪੁਛ ਪੜਤਾਲ ਤੇ ਪੁਣ ਛਾਣ ਤੋਂ ਬਾਅਦ ਜਦ ਇਹ ਮੁਲਾਜ਼ਮ ਫੌਜੀ ਹਿਰਾਸਤ ਵਿਚੋਂ ਰਿਹਾ ਹੋਏ ਤਾਂ ਇਹਨਾਂ ਦੀ ਦਸ਼ਾ ਰਿਫੀਊਜੀਆਂ ਵਾਲੀ ਸੀ। ਇਹਨਾਂ ਦੇ ਲੁੱਟੇ ਪੁੱਟੇ ਤੇ ਉਜੜੇ ਘਰ ਵੀ ਫੌਜੀ ਕਬਜ਼ੇ ਵਿਚ ਸਨ।

ਸ੍ਰੀ ਦਰਬਾਰ ਸਾਹਿਬ ਦਾ ਇਕ ਅਰਦਾਸੀਆ ਭਾਈ ਜੋਗਿੰਦਰ ਸਿੰਘ ਵੇਦਾਂਤੀ ਪ੍ਰਕਰਮਾ ਦੀ ਦੱਖਣ-ਪੱਛਮੀ ਗੁੱਠ ਵਿਚ ਸਥਿਤ ਬਾਬਾ ਸਵਾਇਆ ਸਿੰਘ ਦੀ ਛਬੀਲ ਉਪਰ ਬਣੇ ਮਕਾਨ ਵਿਚ ਰਹਿੰਦਾ ਸੀ। ਭਾਈ ਜੋਗਿੰਦਰ ਸਿੰਘ ਵੇਦਾਂਤੀ ਨੇ ੬ ਜੂਨ ਨੂੰ ਸ਼ਾਮ ਦੇ ਸਵਾ ਚਾਰ ਵਜੇ ਆਪਣੇ ਪਰਵਾਰ ਸਮੇਤ ਆਪਣੇ ਮਕਾਨ ਵਿਚੋਂ ਪ੍ਰਕਰਮਾ ਵਲ ਉਤਰ ਕੇ ਫੌਜ ਦੇ ਅੱਗੇ ਆਤਮ-ਸਮਰਪਣ ਕੀਤਾ। ਇਹਨਾਂ ਨਾਲ ਉਸ ਸਮੇਂ ਇਹਨਾਂ ਦੀ ਧਰਮ ਪਤਨੀ ਬੀਬੀ ਹਰਭਜਨ ਕੌਰ (ਉਮਰ ੩੨ ਸਾਲ), ਇਹਨਾਂ ਦੀ ਸੱਸ ਬੀਬੀ ਪ੍ਰੀਤਮ ਕੌਰ (ਉਮਰ ੫੦ ਸਾਲ), ਇਹਨਾਂ ਦੀ ਸਾਲੀ ਬੀਬੀ ਕਸ਼ਮੀਰ ਕੌਰ (ਉਮਰ ੬ ਸਾਲ) ਅਤੇ ਇਹਨਾਂ ਦਾ ਇਕ ਭਤੀਜਾ ਸੁਖਵਿੰਦਰ ਸਿੰਘ (ਉਮਰ ੧੦ ਸਾਲ) ਵੀ ਸਨ। ਫੌਜੀਆਂ ਨੇ ੬ ਜੂਨ ਨੂੰ ਸ਼ਾਮ ਦੇ ਚਾਰ ਵੱਜ ਕੇ ਪੰਜ ਮਿੰਟ ਤੇ, ਮੈਗਾਫ਼ੋਨ ਤੇ ਅਨਾਊਂਸਮੈਂਟ ਕੀਤੀ ਸੀ ਕਿ :

"ਦਰਬਾਰ ਸਾਹਿਬ ਕੰਪਲੈਕਸ ਅੰਦਰ ਜੋ ਵਿਅਕਤੀ ਮੌਜੂਦ ਹਨ ਉਹ ਅੱਧੇ ਘੰਟੇ ਦੇ ਅੰਦਰ ਅੰਦਰ ਬਾਹਰ ਆ ਜਾਣ, ਵਰਨਾ ਉਹਨਾਂ ਸਾਰਿਆਂ ਨੂੰ ਕਤਲ ਕਰ ਦਿੱਤਾ ਜਾਵੇਗਾ।"

ਇਹ ਅਨਾਊਂਸਮੈਂਟ ਸੁਣ ਕੇ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਕੋਈ ਵੀਹ ਪੰਝੀ ਸੇਵਾਦਾਰ ਤੇ ਸ਼ਰਧਾਲੂ ਬਾਹਰ ਪ੍ਰਕਰਮਾ ਵਿਚ ਆ ਗਏ। ਸਾਰਿਆਂ ਨੂੰ ਹੱਥ ਖੜੇ ਕਰ ਕੇ ਫੌਜੀਆਂ ਅੱਗੇ ਆਤਮ-ਸਮਰਪਣ ਕਰਨ ਦਾ ਹੁਕਮ ਸੀ। ਉਹਨਾਂ ਦੇ ਗਾਤਰੇ ਤੇ ਦਸਤਾਰਾਂ ਲਾਹ ਕੇ ਦਸਤਾਰਾਂ ਨਾਲ ਉਹਨਾਂ ਸਾਰੇ ਸਿੰਘਾਂ ਦੇ ਹੱਥ ਉਲਟੇ ਕਰ ਕੇ ਪਿੱਠਾਂ ਪਿਛੇ ਨੂੜ ਦਿਤੇ ਗਏ। ਉਸ ਸਮੇਂ ਕੋਈ ਦੋ ਸੌ ਦੇ ਕਰੀਬ ਸਿੰਘ ਸਿੰਘਣੀਆਂ ਤੇ ਬੱਚੇ, ਜਿਹਨਾਂ ਵਿਚ ਦਰਬਾਰ ਸਾਹਿਬ ਦੇ ਮੁਲਾਜ਼ਮ, ਸੇਵਾਦਾਰ, ਕੁਝ ਦਰਬਾਰ ਸਾਹਿਬ ਦੇ ਲਾਗੇ ਦੇ ਮਕਾਨਾਂ ਵਿਚ ਰਹਿਣ ਵਾਲੇ ਸ਼ਹਿਰੀ ਸਿੱਖ ਅਤੇ ਕੁਝ ਕੁ ਅੰਦਰ ਘਿਰੇ ਯਾਤਰੀ ਤੇ ਸ਼ਰਧਾਲੂ ਵੀ ਸ਼ਾਮਲ ਸਨ, ਗ੍ਰਿਫਤਾਰੀ ਲਈ ਵੱਖ-ਵੱਖ ਕਮਰਿਆਂ ਵਿਚੋਂ ਬਾਹਰ ਆਏ। ਭਾਈ ਜੋਗਿੰਦਰ ਸਿੰਘ ਵੇਦਾਂਤੀ ਤੇ ਉਹਨਾਂ ਦਾ ਪਰਵਾਰ ਵੀ ਇਹਨਾਂ ਵਿਚ ਹੀ ਸ਼ਾਮਲ ਸੀ। ਉਹਨਾਂ ਦੇ ਸਿਰ ਤੇ ਛੋਟੀ ਦਸਤਾਰ ਸੀ। ਫੌਜੀਆਂ ਨੇ ਇਹਨਾਂ ਦਾ ਗਾਤਰਾ ਲਾਹ ਲਿਆ ਅਤੇ ਸਿਰ ਦੀ ਛੋਟੀ ਦਸਤਾਰ ਲਾਹ ਕੇ ਇਸ ਨਾਲ ਇਹਨਾਂ ਦੇ ਹੱਥ ਵੀ ਉਲਟੇ ਕਰ ਕੇ ਪਿਛਾਂਹ ਨੂੜ ਦਿਤੇ।

ਭਾਈ ਜੋਗਿੰਦਰ ਸਿੰਘ ਵੇਦਾਂਤੀ ਦੀ ਰਿਹਾਇਸ਼ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਹੋਣ ਕਰਕੇ ਉਹਨਾਂ ਨੂੰ ੪-੫-੬ ਅਤੇ ੭ ਜੂਨ ਸ਼ਾਮ ਤਕ ਦੀਆਂ ਬਹੁਤ ਸਾਰੀਆਂ ਘਟਨਾਵਾਂ ਦੀ ਸਹੀ ਜਾਣਕਾਰੀ ਪ੍ਰਾਪਤ ਹੈ। ਅਗਸਤ ਮਹੀਨੇ ਦੇ 'ਸੂਰੀਆ' ਰਸਾਲੇ ਵਿਚ ਵੇਦਾਂਤੀ ਜੀ ਦੀ ਜੋ ਇੰਟਰਵੀਊ ਛਪੀ ਹੈ, ਉਹ ਸਾਰੀ ਠੀਕ ਨਹੀਂ



www.AKJ.Org

ਛਪੀ। ਉਸ ਵਿਚ ਉਹਨਾਂ ਅਨੁਸਾਰ ਟਸਾਲੇ ਵਾਲਿਆਂ ਕੁਝ ਗੱਲਾਂ ਮਨ-ਘੜਤ ਤੇ ਤੋੜ ਮਰੋੜ ਕੇ ਛਾਪੀਆਂ ਹਨ।

ਵੇਦਾਂਤੀ ਜੀ ਨੇ ਖਾਹਿਸ਼ ਜ਼ਾਹਿਰ ਕੀਤੀ ਹੈ ਕਿ ਉਨ੍ਹਾਂ ਘਟਨਾਵਾਂ ਤੇ ਤੱਥਾਂ ਨੂੰ, ਜੋ ਉਨ੍ਹਾਂ ਦੇ ਗਿਆਨ-ਗੋਚਰ ਹਨ, ਸਹੀ ਰੂਪ ਵਿਚ ਪੇਸ਼ ਕੀਤਾ ਜਾਵੇ ਤਾਂ ਕਿ ਦਰਬਾਰ ਸਾਹਿਬ ਅੰਦਰ ਵਾਪਰੇ ਇਸ ਘੱਲੂਘਾਰੇ ਦੇ ਤਾਜ਼ਾ ਇਤਿਹਾਸ ਨੂੰ ਸਹੀ ਤੇ ਸ਼ੁੱਧ ਰੂਪ ਵਿਚ ਸੰਭਾਲਿਆ ਜਾਵੇ।

੪ ਜੂਨ ੧੯੮੪ ਦੀ ਸਵੇਰ ਤੋਂ ਆਪਣੀ ਵਿਥਿਆ ਦਾ ਅਰੰਭ ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ ਇਉਂ ਕਰਦਾ ਹੈ :–

ਉਸ ਦਿਨ ੪ ਜੂਨ ਨੂੰ ਸਵੇਰੇ ਮੈਂ ਤਿੰਨ ਵਜੇ ਉਠਿਆ, ਇਸ਼ਨਾਨ-ਪਾਣੀ ਤੋਂ ਵਿਹਲਾ ਹੋ ਕੇ ਠੀਕ ਚਾਰ ਵਜੇ ਆਪਣੀ ਧਰਮ-ਪਤਨੀ ਸਮੇਤ ਮੈਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਡਿਊਟੀ ਤੇ ਪੁਜਾ। ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕੀਤਾ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਾਲਕੀ ਸਾਹਿਬ ਆਉਣ ਤੇ ਸਾਢੇ ਚਾਰ ਵਜੇ ਹੁਕਮਨਾਮਾ ਹੋਇਆ। ਲਗ-ਪਗ ਪੌਣੇ ਪੰਜ ਵਜੇ ਜਦ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਚਲ ਰਿਹਾ ਸੀ ਤਾਂ ਤੋਪ ਦਾ ਇਕ ਵੱਡਾ ਗੋਲਾ ਸਿੰਧੀਆਂ ਦੀ ਧਰਮਸਾਲਾ ਵਿਚ ਆ ਕੇ ਲੱਗਾ। ਇਹ ਧਰਮਸਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤਰ ਵਲ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਥੜ੍ਹਾ ਸਾਹਿਬ ਦੇ ਵਿਚਕਾਰ ਸਥਿੱਤ ਸੀ, ਜੋ ਹੁਣ ਢਾਹ ਦਿੱਤੀ ਗਈ ਹੈ। ਤੋਪ ਦਾ ਇਹ ਗੋਲਾ ਜਲ੍ਹਿਆਂ ਵਾਲੇ ਬਾਗ ਵਲੋਂ ਆਇਆ ਜਾਪਦਾ ਸੀ। ਇਸ ਤੋਂ ਤਿੰਨ ਚਾਰ ਮਿੰਟ ਬਾਅਦ ਅੰਧਾ-ਧੁੰਦ ਫ਼ਾਇਰਿੰਗ ਸ਼ੁਰੂ ਹੋ ਗਈ, ਜੋ ਲਗਾਤਾਰ ਰਾਤ ਦੇ ਸਾਢੇ ਦਸ ਵਜੇ ਤਕ ਚਲਦੀ ਰਹੀ। ਥੋੜੇ ਥੋੜੇ ਅਰਸੇ ਬਾਅਦ ਵੱਖ-ਵੱਖ ਥਾਵਾਂ ਤੇ ਤੋਪਾਂ ਦ ਗੋਲੇ ਵੀ ਵਰ੍ਹਦੇ ਰਹੇ। ਚਾਰ ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹਾਲਾਂ ਕੋਈ ਗੋਲੀ ਨਹੀਂ ਆਈ ਸੀ। ਅਸੀਂ ਇਹਤਿਆਤ ਵਜੋਂ ਹਰਿਮੰਦਰ ਸਾਹਿਬ ਦੇ ਬੂਹੇ ਤੇ ਬਾਰੀਆਂ ਅੰਦਰੋਂ ਬੰਦ ਕਰ ਲਈਆਂ ਸਨ। ਪ੍ਰਕਰਮਾ ਵਿਚ ਵੀ ਹਾਲਾਂ ਗੋਲੀਆਂ ਆਉਣੀਆਂ ਸ਼ੁਰੂ ਨਹੀਂ ਸਨ ਹੋਈਆਂ। ਮੈਂ ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਸਮੇਤ ਡਿਊਟੀ ਤੋਂ ਫ਼ਾਰਗ ਹੋ ਕੇ ਸਾਢੇ ੯ ਵਜੇ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਆਇਆ ਅਤੇ ਅਸੀਂ ਆਪੋ ਆਪਣੇ ਟਿਕਾਣਿਆਂ ਤੇ ਜਾ ਪੁੱਜੇ। ਚਾਰ ਤਾਰੀਖ ਸ਼ਾਮ ਨੂੰ ਹਰਿਮੰਦਰ ਸਾਹਿਬ ਅੰਦਰ ਨਿੱਤਨੇਮ ਦੇ ਪ੍ਰੋਗਰਾਮ ਦੀ ਅੱਠ ਵਜੇ ਹੀ ਸਮਾਪਤੀ ਕਰ ਦਿੱਤੀ ਗਈ। ਉਸ ਰਾਤ ਪਾਲਕੀ ਸਾਹਿਬ ਤੇ ਮਹਾਰਾਜ ਦਾ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਨਹੀਂ ਲਿਜਾਇਆ ਗਿਆ, ਸਗੋਂ 'ਹਰਿ ਕੀ ਪਉੜੀ' ਉੱਪਰ ਹੀ ਮਹਾਰਾਜ ਦਾ ਸੁਖਾਸਨ ਕੀਤਾ ਗਿਆ ਸੀ।

ਦਸ ਵਜੇ ਰਾਤ ਨੂੰ ਸਾਰੇ ਦਰਬਾਰ ਸਾਹਿਬ ਕੰਪਲੈਕਸ ਅਤੇ ਆਸ-ਪਾਸ ਦੀਆਂ ਬਿਲਡਿੰਗਾਂ ਦੀ ਬਿਜਲੀ ਕੱਟ ਦਿਤੀ ਗਈ। ਰਾਤ ਦੇ ਹਨੇਰੇ ਵਿਚ ਫੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਉੱਚੀਆਂ ਬਿਲਡਿੰਗਾਂ ਵਿਚ ਮੋਰਚੇ ਸਾਂਭ ਲਏ। ਰਾਤ ਸਾਢੇ ਦਸ ਵਜੇ ਤੋਂ ਅਗਲੀ ਸਵੇਰ ਦੇ ਕੋਈ ਪੌਣੇ ਪੰਜ ਵਜੇ ਤਕ ਫ਼ਾਇਰਿੰਗ ਬੰਦ ਰਹੀ।

ਪੰਜ ਜੂਨ ਨੂੰ ਸਵੇਰੇ ਮੈਂ ਤਿਆਰ ਹੋ ਕੇ ਠੀਕ ਚਾਰ ਵਜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਡਿਊਟੀ ਤੇ ਪੁੱਜਾ। ਉਸ ਸਮੇਂ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਕੁਝ ਸੇਵਾਦਾਰਾਂ ਸਮੇਤ ਹਰਿ ਕੀ ਪਉੜੀ ਤੋਂ ਮਹਾਰਾਜ ਦਾ ਸਰੂਪ ਹੇਠਾਂ ਲਿਆ ਰਹੇ ਸਨ। ਪ੍ਰਕਾਸ਼ ਕਰਨ ਉਪਰੰਤ ਹੁਕਮਨਾਮਾ ਹੋਇਆ। ਹਾਲਾਂ ਪੰਜ ਵੱਜਣ ਵਿਚ ਪੰਜ ਮਿੰਟ ਬਾਕੀ ਸਨ ਕਿ ਅਚਾਨਕ ਫੌਜੀਆਂ ਨੇ ਤੋਪਾਂ ਦੇ ਗੋਲੇ ਚਲਾਉਣੇ ਸ਼ੁਰੂ ਕਰ ਦਿੱਤੇ। ਤੋਪ ਦੇ ਅੱਠ ਗੋਲੇ ਲਗਾਤਾਰ ਸਿੰਧੀਆਂ ਦੀ ਧਰਮਸਾਲਾ ਤੇ ਲੱਗੇ। ਉਹਨਾਂ ਦੇ



www.AKJ.Org

ਖੜਾਕ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਬਿਲਡਿੰਗ ਵੀ ਕੰਬ ਰਹੀ ਸੀ । ਇਓਂ ਪੰਜ ਜੂਨ ਨੂੰ ਫੇਰ ਫਾਇਰਿੰਗ ਸ਼ੁਰੂ ਹੋ ਗਈ । ਅੱਜ ਸਾਰੇ ਪਾਸਿਆਂ ਤੋਂ ਪ੍ਰਕਰਮਾ ਅੰਦਰ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੀ ਗੋਲੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਇਸ ਲਈ ਅਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਬੂਹੇ ਬੰਦ ਕਰ ਲਏ ਸਨ। ਇਸ ਵੇਲੇ ਸ੍ਰੀ ਦਰਬਾਰ ਸਾਹਿਬ ਅੰਦਰ ਕੋਈ ਵੀ ਥਾਂ ਸੁਰੱਖਿਅਤ ਨਹੀਂ ਸੀ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਉਸ ਸਮੇਂ ਕੋਈ ਚਾਰ ਪੰਜ ਅਖੰਡ ਪਾਠੀ ਸਿੰਘ, ਪੰਦਰਾਂ ਵੀਹ ਸੇਵਾਦਾਰ ਅਤੇ ਦਸ ਕੁ ਹੋਰ ਸ਼ਰਧਾਲੂ ਤੇ ਪ੍ਰੇਮੀ ਸਿੰਘ ਮੌਜੂਦ ਸਨ। ਇਹਨਾਂ ਵਿਚ ਸ: ਹਰਚਰਨ ਸਿੰਘ ਹੁਡਿਆਰਾ, ਸ਼ਹੀਦ ਭਾਈ ਫੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਅਤੇ ਉਸ ਦੀ ਭੈਣ ਬੀਬੀ ਪਰਮਜੀਤ ਕੌਰ ਵੀ ਸ਼ਾਮਲ ਸਨ। ਇਹ ਬੀਬੀ ਪਰਮਜੀਤ ਕੌਰ ਪੰਜ ਜੂਨ ਦੀ ਰਾਤ ਨੂੰ ਬਾਬਾ ਸਵਾਇਆ ਸਿੰਘ ਦੀ ਛਬੀਲ ਲਾਗੇ ਸ਼ਹੀਦ ਹੋ ਗਈ ਸੀ। ਉਸ ਨਾਲ ਇਕ ਬੀਬੀ ਹੋਰ ਸੀ, ਜਿਸ ਨੂੰ ਜ਼ਖਮੀ ਹਾਲਤ ਵਿਚ ੬ ਜੂਨ ਨੂੰ ਗ੍ਰਿਫਤਾਰ ਕਰ ਲਿਆ ਸੀ, ਜੋ ਹਾਲਾਂ ਤਕ ਜੇਲ੍ਹ ਵਿਚ ਬੰਦ ਦੱਸੀਦੀ ਹੈ।

ਪੰਜ ਜੂਨ ਨੂੰ ਅਸੀਂ ਸਾਢੇ ਗਿਆਰਾਂ ਵਜੇ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੀ ਰਹੇ। ਸਾਢੇ ਗਿਆਰਾਂ ਵਜੇ ਅਸੀਂ ਕੋਈ ਪੰਜ ਸਿੰਘ—ਮੈਂ, ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ ਅਤੇ ਕੋਈ ਤਿੰਨ ਕੁ ਸੇਵਾਦਾਰ ਪਿੱਤਲ ਦੇ ਜੰਗਲਿਆਂ ਵਿਚੋਂ ਦੀ ਲੰਮੇ ਪੈ ਪੈ ਕੇ ਦਰਸ਼ਨੀ ਡਿਉੜੀ ਤੱਕ ਅਪੜੇ, ਅੱਗੋਂ ਨੱਠ ਕੇ ਬਰਾਂਡੇ ਦੀ ਓਟ ਲਈ। ਇਓਂ ਲੁਕਦੇ-ਛਿਪਦੇ ਆਪਣੇ ਟਿਕਾਣਿਆਂ ਤੇ ਅਪੜ ਗਏ। ਉਸ ਸਮੇਂ ਬਾਬਾ ਸਵਾਇਆ ਸਿੰਘ ਦੀ ਛਬੀਲ ਲਾਗੇ ਦੋ ਕੁ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਪਈਆਂ ਹੋਈਆਂ ਸਨ। ਮੇਰੀ ਰਿਹਾਇਸ਼ ਵੀ ਉਤੇ ਸੁਰੱਖਿਅਤ ਨਹੀਂ ਸੀ। ਇਸ ਲਈ ਦੁਪਹਿਰ ਦੇ ਕੋਈ ਸਾਢੇ ਬਾਰਾਂ ਵਜੇ ਮੈਂ ਆਪਣੇ ਪਰਵਾਰ ਸਮੇਤ ਹੇਠਾਂ ਗਿਲੇ ਕਪੜਿਆਂ ਦੇ ਸਟੋਰ ਵਾਲੇ ਕਮਰੇ ਵਿਚ ਆ ਗਿਆ। ਇਸ ਸਟੋਰ ਦੇ ਕਮਰੇ ਵਿਚ ਪਹਿਲਾਂ ਹੀ ਸਿੰਘਾਂ ਦੀ ਕਾਫੀ ਭੀੜ ਸੀ, ਜਿਸ ਕਰਕੇ ਏਥੇ ਦਮ ਘੁਟਦਾ ਸੀ। ਇਸ ਤੋਂ ਅਸੀਂ ਉਪਰ ਮਕਾਨ ਵਿਚ ਜਾਣਾ ਹੀ ਠੀਕ ਸਮਝਿਆ। ਕੋਈ ਸਵਾ ਕੁ ਘੰਟੇ ਬਾਅਦ ਹੀ ਅਸੀਂ ਫੇਰ ਉਪਰ ਚਲੇ ਆਏ।

ਗੁਰੂ ਰਾਮਦਾਸ ਸਰਾਂ ਵਾਲੀ ਪਾਣੀ ਦੀ ਵੱਡੀ ਟੈਂਕੀ ਉਸ ਦਿਨ ਕੋਈ ਡੇਢ ਵਜੇ ਤੋੜੀ ਗਈ। ਹਾਲਾਂ ਅਸੀਂ ਹੇਠਾਂ ਸਟੋਰ ਦੇ ਕਮਰੇ ਵਿਚ ਹੀ ਬੈਠੇ ਸਾਂ। ਟੈਂਕੀ ਦਾ ਪਾਣੀ ਵਗਦਾ ਸਾਨੂੰ ਦਿਖਾਈ ਦਿੰਦਾ ਸੀ। ਟੈਂਕੀ ਉਪਰ ਲਗਾਤਾਰ ਕੋਈ ਦੋ ਸੋ ਗੋਲੇ ਮਾਰੇ ਗਏ। ਸ਼ਾਮ ਦੇ ਕੋਈ ਅੱਠ ਕੁ ਵਜੇ ਫੌਜ ਨੇ ਪਾਪੜਾਂ ਵਾਲੇ ਬਜ਼ਾਰ ਵਲੋਂ ਤੰਗ ਗਲੀਆਂ ਵਿਚੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਘੇਰਾ ਪਾਉਣ ਦਾ ਯਤਨ ਕੀਤਾ। ਫੌਜੀਆਂ ਨੂੰ ਮਿਲ ਰਹੇ ਆਰਡਰਾਂ ਦੀ ਆਵਾਜ਼ ਸਾਨੂੰ ਸੁਣਾਈ ਦੇ ਰਹੀ ਸੀ। ਪਰ, ਸਾਡੇ ਪਾਸੇ ਦੀ ਗੁੱਠ ਉਪਰੋਂ ਸਿੰਘਾਂ ਨੇ ਪਿਛਲੀ ਗਲੀ ਵਿਚ ਦਾਖਲ ਹੋਏ ਫੌਜੀਆਂ ਉਪਰ ਅਚਾਨਕ ਕੁਝ ਸੁੱਟਿਆ ਅਤੇ ਫੌਜੀਆਂ ਦੀ 'ਮਾਰ ਦੀਏ, ਮਾਰ ਦੀਏ' ਕਹਿੰਦਿਆਂ ਦੀ ਆਵਾਜ਼ ਸਾਨੂੰ ਸੁਣਾਈ ਦਿੱਤੀ। ਸ਼ਾਇਦ ਉਥੇ ਸਾਰੇ ਫੌਜੀ ਹੀ ਮਾਰੇ ਗਏ। ਇਸ ਤੋਂ ਕੋਈ ਪੰਜ ਮਿੰਟ ਬਾਅਦ ਫੌਜੀਆਂ ਨੇ ਸਾਡੇ ਮਕਾਨ ਦੇ ਪਿਛੇ ਲੱਗਦੀ ਗਲੀ ਵਿਚ ਇਕ ਫੌਜੀ ਜੀਪ ਲਿਆ ਕੇ ਖੜੀ ਕਰਨ ਦਾ ਯਤਨ ਕੀਤਾ। ਇਸ ਜੀਪ ਉਪਰ ਇਕ ਤੋਪ ਬੀੜੀ ਹੋਈ ਸੀ ਅਤੇ ਉਸ ਵਿਚ ਫੌਜੀ ਜਵਾਨ ਸਵਾਰ ਸਨ। ਪਰ, ਉਪਰ ਕਿਸੇ ਟਿਕਾਣੇ ਬੈਠੇ ਸਿੰਘਾਂ ਨੇ ਇਹਨਾਂ ਦੇ ਅੱਗੇ ਵਧਣ ਤੇ ਰੋਕ ਪਾ ਦਿੱਤੀ। ਅਸੀਂ ਸੁਣਿਆ ਸੀ ਕਿ ਇਸ ਟਿਕਾਣੇ ਉਤੇ ਕੋਈ ੧੨—੧੩ ਸਿੰਘ ਸਨ ਜਿਨ੍ਹਾਂ ਆਖਰੀ ਦਮ ਤਕ ਬਹਾਦਰੀ ਦੇ ਜੌਹਰ ਦਿਖਾਏ।

ਰਾਤ ਨੂੰ ਕੋਈ ਪੌਣੇ ਦਸ ਵਜੇ ਇਕ ਛੋਟਾ ਟੈਂਕ ਪ੍ਰਕਰਮਾ ਵਿਚ ਦਾਖ਼ਲ ਹੋਇਆ। ਇਸ ਟੈਂਕ ਦਾ ਇਕ ਗੋਲਾ ਸਾਡੇ ਗੁੱਠ ਵਾਲੇ ਕਮਰੇ ਵਿਚ ਆ ਕੇ ਲੱਗਾ। ਇਸ ਗੋਲੇ ਨਾਲ ਉਪਰੋਕਤ ਸਿੰਘਾਂ ਵਿਚੋਂ ਇਕ ਸਿੰਘ ਜ਼ਖਮੀ ਵੀ ਹੋ ਗਿਆ ਸੀ, ਜਿਸ ਨੂੰ ਉਸ ਦੇ ਸਾਥੀ ਹੇਠਾਂ ਛੱਡ ਗਏ ਸਨ। ਅਸੀਂ ਇਸ ਟੈਂਕ ਨੂੰ ਨਕਾਰਾ ਹੁੰਦਿਆਂ ਦੇਖਿਆ। ਅਗਲੇ ਦਿਨ ਇਹ ਟੈਂਕ ਬਾਬਾ ਸਵਾਇਆ ਸਿੰਘ ਦੀ ਛਬੀਲ ਪਾਸ ਗੁਠ ਵਿਚ ਉਸੇ ਹਾਲਤ ਵਿਚ ਖੜਾ ਸੀ। ਅਜਾਇਬ ਘਰ ਵਲੋਂ ਰਾਤ ਦੇ ਕੋਈ ਬਾਰਾਂ ਵਜੇ ਤੱਕ ਫੌਜ ਦੇ ਅੱਗੇ ਵੱਧਣ ਤੇ ਰੁਕਾਵਟ ਪਾਈ ਜਾਂਦੀ ਰਹੀ।



www.AKJ.Org

ਉਸ ਤੋਂ ਬਾਅਦ ਇਹ ਪਾਸਾ ਫੌਜ ਨੇ ਕਬਜ਼ੇ 'ਚ ਕਰ ਲਿਆ।

ਰਾਤ ਦੇ ਕੋਈ ਸਾਢੇ ਕੁ ਦਸ ਵਜੇ ਕੁਝ ਟੈਂਕ ਲੰਗਰ ਵਾਲੇ ਰਸਤੇ ਪ੍ਰਕਰਮਾ ਵਿਚ ਦਾਖ਼ਲ ਹੋ ਗਏ ਸਨ। ਇਹਨਾਂ ਵਿਚੋਂ ਇਕ ਟੈਂਕ ਨੇ ਲਾਈਟ ਦਾ ਗੋਲਾ ਮਾਰ ਕੇ ਫਿਰ ਇਕ ਤੋਪ ਦਾ ਗੋਲਾ ਛਬੀਲ ਨਾਲ ਲੱਗਦੇ ਇਕ ਨੰਬਰ ਕਮਰੇ ਵਿਚ ਮਾਰਿਆ ਸੀ। ਅਗਲੇ ਦਿਨ ਇਕ ਟੈਂਕ ਬਾਬਾ ਦੀਪ ਸਿੰਘ ਵਾਲੀ ਛਬੀਲ ਪਾਸ, ਦੋ ਟੈਂਕ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਸਥਾਨ ਲੰਘ ਕੇ ਅੱਗੇ ਅਤੇ ਇਕ ਛੋਟਾ ਟੈਂਕ ਜੋ ਪਹਿਲਾਂ ਦਾਖ਼ਲ ਹੋਇਆ ਸੀ, ਉਹ ਬਾਬਾ ਸਵਾਇਆ ਸਿੰਘ ਦੀ ਛਬੀਲ ਕੋਲ ਖੜ੍ਹਾ ਸੀ। ਪਹਿਲਾਂ ਜ਼ਹਿਰੀਲੀ ਗੈਸ ਦਾ ਇਕ ਗੋਲਾ ਅਕਾਲ ਤਖ਼ਤ ਸਾਹਿਬ ਤੇ ਸੁੱਟਿਆ ਗਿਆ, ਜਿਸ ਦਾ ਅਸਰ ਸਾਡੇ ਕਮਰਿਆਂ ਤੱਕ ਵੀ ਹੋਇਆ। ਫਿਰ ਇਹਨਾਂ ਟੈਂਕਾਂ ਨੇ ਸਾਰੀ ਰਾਤ ਗੋਲਾਬਾਰੀ ਕੀਤੀ। ਇਕ ਇਕ ਕਮਰੇ ਵਿਚ ਗੋਲੇ ਮਾਰੇ ਗਏ। ਚਾਰ ਜੂਨ ਦੀ ਸ਼ਾਮ ਤੋਂ ਬਾਅਦ ਅਸੀਂ ਆਪਣਾ ਲੰਗਰ ਤਿਆਰ ਨਹੀਂ ਕਰ ਸਕੇ, ਨਾ ਹੀ ਪੰਜ ਦੀ ਰਾਤ ਨੂੰ ਸੌਂ ਸਕੇ ਸਾਂ। ਸਾਡੇ ਮਕਾਨ ਅੰਦਰ ਵੀ ਗੋਲੀਆਂ ਆ ਰਹੀਆਂ ਸਨ।

ਛੇ ਜੂਨ ਦੀ ਸਵੇਰ ਨੂੰ ਕੋਈ ਪੌਣੇ ਨੌਂ ਵਜੇ ਤੋਂ ਸਵਾ ਨੌਂ ਵਜੇ ਦੇ ਵਿਚਕਾਰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਘਮਸਾਨ ਦਾ ਯੁੱਧ ਹੋਇਆ। ਇਸ ਤੋਂ ਬਾਅਦ ਫੌਜ ਹੋਰ ਸਾਰੇ ਪਾਸਿਆਂ ਤੇ ਤਾਂ ਕਾਬਜ਼ ਹੋ ਗਈ ਸੀ, ਪਰ ਅਕਾਲ ਤਖ਼ਤ ਸਾਹਿਬ ਦੇ ਆਸੇ ਪਾਸੇ ਤੇ, ਸਾਡੀ ਵਾਲੀ ਗੁੱਠ ਉਪਰ ਅਤੇ ਬੁੰਗਿਆਂ ਤੇ ਹਾਲਾਂ ਫੌਜ ਕਾਬਜ਼ ਨਹੀਂ ਸੀ ਹੋ ਸਕੀ। ਕੋਈ ਦੋ ਵਜੇ ਤੱਕ ਗੋਲੀ ਚਲਦੀ ਰਹੀ ਅਤੇ ਫਿਰ ਕੁਝ ਘਟ ਗਈ। ਜਿਵੇਂ ਕਿ ਪਿਛੇ ਦਸਿਆ ਸੀ, ਛੇ ਜੂਨ ਨੂੰ ਸ਼ਾਮ ਦੇ ਚਾਰ ਵੱਜ ਕੇ ਪੰਜ ਮਿੰਟ ਤੇ ਫੌਜੀਆਂ ਵਲੋਂ ਮੈਗਾਫੋਨ ਤੇ ਕੰਪਲੈਕਸ ਵਿਚ ਮੌਜੂਦ ਸਾਰਿਆਂ ਨੂੰ ਅੱਧੇ ਘੰਟੇ ਵਿਚ ਬਾਹਰ ਆਉਣ ਲਈ ਅਨਾਊਂਸਮੈਂਟ ਕੀਤੀ ਗਈ ਸੀ। ਪਹਿਲਾਂ ਤਾਂ ਅਸੀਂ ਜਕੋ ਤੱਕਿਆਂ ਵਿਚ ਸਾਂ, ਪਰ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਆਏ ਭਾਈ ਗੁਰਦੀਪ ਸਿੰਘ ਜੀ ਅਰਦਾਸੀਏ ਅਤੇ ਹੋਰ ਸੇਵਾਦਾਰਾਂ ਨੂੰ ਦੇਖਿਆ ਤਾਂ ਅਸੀਂ ਵੀ ਝੱਟ-ਪੱਟ ਹੇਠਾਂ ਉਤਰ ਆਏ। ਕਾਹਲੀ ਵਿਚ ਅਸੀਂ ਕੇਵਲ ਬਾਹਰਲੇ ਗੇਟ ਨੂੰ ਹੀ ਤਾਲਾ ਮਾਰਿਆ, ਕਮਰਿਆਂ ਨੂੰ ਕੇਵਲ ਕੁੰਡੇ ਹੀ ਮਾਰੇ ਸਨ। ਕੁਝ ਕੁ ਨਕਦੀ ਤੇ ਜ਼ਰੂਰੀ ਸਾਮਾਨ ਅਸੀਂ ਥੈਲੇ ਵਿਚ ਪਾਇਆ ਸੀ। ਪੰਜ ਕੁ ਸੌ ਰੁਪੈ ਨਕਦ, ਦੋ ਘੜੀਆਂ ਅਤੇ ਕੁਝ ਹੋਰ ਸੋਨੇ ਦਾ ਕੀਮਤੀ ਸਾਮਾਨ ਸੀ। ਥੈਲਾ ਸਾਡੇ ਪਾਸੋਂ ਫੌਜੀਆਂ ਨੇ ਖੋਹ ਲਿਆ। ਕਿਉਂਕਿ ਮੇਰੇ ਹੱਥ ਤਾਂ ਉਹਨਾਂ ਪੌੜੀਆਂ ਉਤਰਦਿਆਂ ਹੀ ਉਪਰ ਕਰਵਾ ਦਿੱਤੇ ਸਨ। ਫਿਰ ਦੱਖਣ ਵਾਲੀ ਡਿਉਢੀ ਪਾਸ ਜਾ ਕੇ ਸਿਰ ਦੀ ਛੋਟੀ ਦਸਤਾਰ ਨਾਲ ਮੇਰੇ ਹੱਥ ਪਿਛੇ ਬੰਨ੍ਹ ਦਿੱਤੇ। ਉਥੇ ਕੋਈ ਦੋ ਕੁ ਸੌ ਸਿੰਘ, ਬੀਬੀਆਂ ਅਤੇ ਬੱਚੇ ਇਕੱਠੇ ਕੀਤੇ ਸਨ। ਗ੍ਰਿਫਤਾਰੀ ਦੇਣ ਸਮੇਂ ਹੇਠਾਂ ਛਬੀਲ ਦੇ ਕੋਲ ਇਕ ਵੀਹ ਕੁ ਦਿਨਾਂ ਦੇ ਬੱਚੇ ਦੀ ਲਾਸ਼ ਪਈ ਹੋਈ ਸੀ। ਲਾਸ਼ਾਂ ਸਾਹਮਣੇ ਪ੍ਰਕਰਮਾਂ ਵਿਚ ਪਈਆਂ ਸਨ, ਕਈ ਲਾਸ਼ਾਂ ਕਮਰਿਆਂ ਵਿਚ ਦਿਸਦੀਆਂ ਸਨ ਅਤੇ ਕੋਈ ਪੰਜ ਛੇ ਲਾਸ਼ਾਂ ਬਰਾਂਡੇ ਵਿਚ ਪਈਆਂ ਦਿਸ ਰਹੀਆਂ ਸਨ। ਦਖਣੀ ਡਿਉਢੀ ਤੇ ਇਕੱਠੇ ਕੀਤੇ ਇਹਨਾਂ ਸਿੰਘ ਸਿੰਘਣੀਆਂ ਨੂੰ ਕੋਈ ਚਾਲੀ ਚਾਲੀ ਦੀ ਗਿਣਤੀ ਨਾਲ ਫੌਜ ਦੀਆਂ ਅੱਡ ਅੱਡ ਯੂਨਿਟਾਂ ਦੇ ਹਵਾਲੇ ਕੀਤਾ ਗਿਆ। ਮੇਰੇ ਪਰਵਾਰ ਦੇ ਜੀਅ ਵੀ ਮੇਰੇ ਨਾਲ ਹੀ ਸਨ। ਉਸ ਵਕਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਨੂੰ ਅੱਗ ਲੱਗੀ ਹੋਈ ਸੀ ਅਤੇ ਦੋਵੇਂ ਬਿਲਡਿੰਗਾਂ ਸੜ ਰਹੀਆਂ ਸਨ। ਸਾਨੂੰ ਚਾਲੀ ਦੇ ਕਰੀਬ ਬੰਦੀਆਂ ਨੂੰ ਦੁਖ ਭੰਜਨੀ ਬੇਰੀ ਵਲੋਂ ਘੰਟਾ ਘਰ ਵਾਲੀ ਡਿਉਢੀ ਤੋਂ ਬਾਹਰ ਲਿਆ ਕੇ ਗੋਲੀਆਂ ਨਾਲ ਦੀਵਾਰਾਂ ਦੇ ਕਿਰੇ ਮਲਬੇ ਦੇ ਉਪਰ ਬਿਠਾ ਦਿੱਤਾ। ਬੀਬੀਆਂ ਤੇ ਬੱਚਿਆਂ ਨੂੰ ਮਰਦਾਂ ਨਾਲੋਂ ਵੱਖ ਕਰ ਦਿੱਤਾ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਪਿਛਲੇ ਦੋ ਦਿਨਾਂ ਤੋਂ ਘਿਰੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ, ਭਾਈ ਬਲਵੰਤ ਸਿੰਘ (ਦੋਵੇਂ ਸੂਰਮੇ ਸਿੰਘ), ਸਮੇਤ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਦੇ, ੬ ਜੂਨ ਨੂੰ ਸਵੇਰ ਦੀ ਵੱਡੀ ਝੜਪ ਤੋਂ ਬਾਅਦ, ਫ਼ਾਇਰਿੰਗ ਘੱਟ ਹੋਣ ਤੇ ਜਦ ਦਰਸ਼ਨੀ ਡਿਉਢੀ ਤੋਂ ਬਾਹਰ ਨਿਕਲੇ ਸਨ ਤਾਂ ਭਾਈ ਗੁਰਚਰਨ ਸਿੰਘ ਤੋਂ ਬਿਨਾਂ ਪਹਿਲੇ ਤਿੰਨੇ ਹੀ ਲਾਚੀ ਬੇਰੀ ਪਾਸ ਫੌਜੀਆਂ ਦੀਆਂ ਗੋਲੀਆਂ ਨਾਲ



www.AKJ.Org

ਸ਼ਹੀਦ ਹੋ ਗਏ। ਭਾਈ ਗੁਰਚਰਨ ਸਿੰਘ ਨੂੰ ਗੋਲੀ ਨਾ ਲੱਗੀ, ਉਹ ਲਾਸ਼ਾਂ ਵਿਚ ਲੰਮਾ ਪੈ ਕੇ ਬਚ ਗਿਆ। ਬਾਅਦ ਵਿਚ ਉਸ ਨੂੰ ਦੂਜੇ ਜ਼ਖਮੀਆਂ ਨਾਲ ਗ੍ਰਿਫਤਾਰ ਕੀਤਾ ਗਿਆ ਸੀ।

ਇਉਂ ਜਦ ਅਸੀਂ ਦੱਖਣੀ ਡਿਉਢੀ ਤੋਂ ਘੰਟਾ ਘਰ ਗੇਟ ਵਲ ਨੂੰ ਚਲੇ ਤਾਂ ਕੋਈ ਛੇ ਸਤ ਲਾਸ਼ਾਂ ਦੁਖ-ਭੰਜਨੀ ਬੇਰੀ ਕੋਲ ਪਈਆਂ ਸਨ। ਬ੍ਰਹਮ ਬੂਟੇ ਵਾਲੀ ਛਬੀਲ ਦੇ ਨਾਲ ਦਾ ਕਮਰਾ ਦਗ-ਦਗ ਸੜ ਰਿਹਾ ਸੀ। ਇਸ ਨੂੰ ਟੈਂਕ ਦੇ ਗੋਲੇ ਨਾਲ ਅੱਗ ਲਗੀ ਸੀ। ਇਸ ਤੋਂ ਅੱਗੇ ਜਨਾਨਾ ਤੇ ਮਰਦਾਨਾ ਦੋਵੇਂ ਇਸ਼ਨਾਨ-ਘਰ ਲਾਸ਼ਾਂ ਨਾਲ ਭਰੇ ਪਏ ਸਨ। ਤਿੰਨ ਚਾਰ ਲਾਸ਼ਾਂ ਘੰਟਾ ਘਰ ਵਾਲੇ ਗੇਟ ਵਿਚ ਪਈਆਂ ਸਨ। ਸਾਰੀ ਪ੍ਰਕਰਮਾ ਕਾਰਤੂਸਾਂ ਦੇ ਖ਼ਾਲੀ ਖੋਲਾਂ ਨਾਲ ਭਰੀ ਹੋਈ ਸੀ। ਸਾਨੂੰ ਬਾਹਰ ਲਿਆਉਣ ਸਮੇਂ ਸਾਡੇ ਤੇ ਇਹ ਪਾਬੰਦੀ ਲਾਈ ਗਈ ਸੀ ਕਿ ਅਸੀਂ ਏਧਰ ਓਧਰ ਨਹੀਂ ਦੇਖਣਾ। ਜਿਨ੍ਹਾਂ ਫੌਜੀਆਂ ਦੇ ਹਵਾਲੇ ਸਾਨੂੰ ਕੀਤਾ ਗਿਆ, ਉਹ ਮਦਰਾਸੀ ਤੇ ਬਿਹਾਰੀ ਜਾਪਦੇ ਸਨ। ਜੇ ਕੋਈ ਪਾਣੀ ਮੰਗਦਾ ਜਾਂ ਪਿਸ਼ਾਬ ਕਰਨ ਲਈ ਕਹਿੰਦਾ ਤਾਂ ਉਸ ਨੂੰ ਠੁਡੇ ਤੇ ਬੱਟ ਵੱਜਣੇ ਸ਼ੁਰੂ ਹੋ ਜਾਂਦੇ ਸਨ। ਕਹਿੰਦੇ ਸਨ, "ਥੋੜੀ ਦੇਰ ਠਹਿਰੋ, ਹੁਣੇ ਪਲਾਏਂਗੇ ਪਾਣੀ।"

ਅਸੀਂ ਏਥੇ ਸ਼ਾਮ ਨੂੰ ਕੋਈ ਸਾਢੇ ਚਾਰ ਵਜੇ ਬਿਠਾਏ ਗਏ ਸਾਂ। ਕੋਈ ਸੱਤ ਕੁ ਵਜੇ ਚਾਰ ਕਮਾਂਡੋ ਆਏ। ਉਹਨਾਂ ਕੋਲ ਕੁਝ ਫੋਟੋ ਸਨ, ਜਿਨ੍ਹਾਂ ਨਾਲ ਉਹਨਾਂ ਨੇ ਸਾਡੇ ਸਾਰਿਆਂ ਦੇ ਚਿਹਰੇ ਮਿਲਾ ਕੇ ਦੇਖੇ। ਉਹ ਕਹਿ ਰਹੇ ਸਨ—'ਬਤਾਓ ਭਿੰਡਰ ਕਹਾਂ ਗਿਆ ?' ਉਹ ਆਪਣੀ ਕਾਰਵਾਈ ਕਰ ਕੇ ਚਲੇ ਗਏ।

ਅਸੀਂ ਠੁੱਡੇ ਤੇ ਬੱਟ ਖਾ ਖਾ ਕੇ ਕੋਈ ਦਸ ਕੁ ਵਜੇ ਰਾਤ ਤਕ ਤਾਂ ਤਰੇਹ ਬਰਦਾਸ਼ਤ ਕੀਤੀ, ਪਰ ਫਿਰ ਹਾਹਾਕਾਰ ਮੱਚ ਉਠੀ। ਇਸ ਤੇ ਫੌਜੀਆਂ ਨੇ ਕੋਈ ਦਸ ਵਜੇ ਇਕ ਇਕ ਗਲਾਸ ਪਾਣੀ ਸਾਡੇ ਮੂੰਹਾਂ ਨਾਲ ਲਾ ਕੇ ਪਿਲਾ ਦਿੱਤਾ। ਸਾਡੇ ਵਿਚੋਂ ਚਾਰ ਕੁ ਨੌਜਵਾਨਾਂ ਦੀ ਰਾਤ ਨੂੰ ਬਹੁਤ ਮਾਰ-ਕੁਟਾਈ ਕੀਤੀ ਗਈ। ਸ਼ਾਮ ਨੂੰ ਜਦ ਅਸੀਂ ਉਥੇ ਆ ਕੇ ਬੈਠੇ ਸਾਂ ਤਾਂ ਪੰਜਾਬ ਸਿੰਧ ਬੈਂਕ ਦੇ ਸਾਹਮਣੇ ਕੋਈ ਚਾਰ ਲਾਸ਼ਾਂ ਪਈਆਂ ਸਨ, ਪਰ ਦਿਨ ਚੜ੍ਹਨ ਤੇ ਏਥੇ ੧੩ ਲਾਸ਼ਾਂ ਹੋ ਗਈਆਂ ਸਨ। ਜਿਸ ਨੂੰ ਉਹਨਾਂ ਮਾਰਨਾ ਹੁੰਦਾ ਸੀ ਉਸ ਨੂੰ ਲਾਈਨ ਵਿਚੋਂ ਉਠਾ ਕੇ ਲਾਂਭੇ ਲੈ ਜਾਂਦੇ ਸਨ। ਅੱਧੀ ਰਾਤ ਤਕ ਅਸੀਂ ਇਸ ਤਰ੍ਹਾਂ ਪਿੱਛੇ ਹੱਥ ਬੰਨ੍ਹੇ ਅਤੇ ਅੱਗੋਂ ਸਿਰ ਨੀਵਾਂ ਕਰ ਕੇ ਬੈਠੇ ਰਹੇ। ਅੱਧੀ ਰਾਤ ਤੋਂ ਬਾਅਦ ਕਿਹਾ ਗਿਆ ਕਿ 'ਲੇਟ ਜਾਵੋ।' ਹੱਥ ਬੰਨ੍ਹੇ ਹੋਣ ਕਰਕੇ ਲੇਟਿਆ ਤਾਂ ਨਹੀਂ ਜਾਂਦਾ ਸੀ, ਪਰ ਅਸੀਂ ਵਿੰਗੇ ਟੇਢੇ ਏਧਰ ਓਧਰ ਰਿੜਦੇ ਰਹੇ।

੭ ਜੂਨ ਦੀ ਸਵੇਰ ਹੋ ਗਈ। ਕੋਈ ਸੱਤ ਕੁ ਵਜੇ ਸਾਡੇ ਇੰਚਾਰਜ ਫੌਜੀ ਆਪਣੇ ਕਮਾਂਡਰਾਂ ਨੂੰ ਵਾਇਰਲੈਸ ਕਰ ਰਹੇ ਸਨ ਕਿ—"ਸੰਤ ਭਿੰਡਰਾਂ ਵਾਲਾ ਮਾਰਿਆ ਗਿਆ ਹੈ ਅਤੇ ਦਰਬਾਰ ਸਾਹਿਬ ਤੇ ਸਾਡਾ ਕਬਜ਼ਾ ਹੋ ਚੁਕਾ ਹੈ।" ਸਵੇਰ ਹੋਣ ਤੇ ਸਾਨੂੰ ਸਾਹਮਣੇ ਤੋਂ ਉਠਾ ਕੇ ਜੋੜਾ-ਸਥਾਨ ਵਲ ਬਿਠਾ ਦਿੱਤਾ ਗਿਆ। ਕੋਈ ੮ ਵਜੇ ਵੱਡੇ ਫੌਜੀ ਅਫਸਰਾਂ ਦੀਆਂ ਕਾਰਾਂ ਦਰਬਾਰ ਸਾਹਿਬ ਵਲ ਆਉਣੀਆਂ ਸ਼ੁਰੂ ਹੋ ਗਈਆਂ। ਤਿੰਨ ਫੌਜੀ ਗੱਡੀਆਂ ਅਸਲੇ ਦੀਆਂ ਭਰੀਆਂ ਬਾਹਰ ਤੋਂ ਆਈਆਂ, ਜਿਨ੍ਹਾਂ ਵਿਚ ਭਾਂਤ ਭਾਂਤ ਦੀਆਂ ਬੰਦੂਕਾਂ, ਤਲਵਾਰਾਂ ਅਤੇ ਭਾਲੇ ਆਦਿਕ ਸਨ। ਇਹ ਸਾਰੇ ਹਥਿਆਰ ਫ਼ੋਟੋ ਖਿੱਚਣ ਲਈ ਅਕਾਲ ਤਖ਼ਤ ਸਾਹਿਬ ਲਿਜਾਏ ਗਏ। ਦਰਬਾਰ ਸਾਹਿਬ ਦੇ ਅੰਦਰੋਂ ਦੋ ਫ਼ੌਜੀ ਅਫਸਰਾਂ ਦੀਆਂ ਲਾਸ਼ਾਂ, ਉਪਰ ਚਿੱਟੀਆਂ ਚਾਦਰਾਂ ਪਾ ਕੇ ਬਾਹਰ ਲਿਆਂਦੀਆਂ ਗਈਆਂ। ਇਸ ਤੋਂ ਬਾਅਦ ਇਕ ਲਾਸ਼ ਉਹ ਵੀ ਲਿਆਂਦੀ ਗਈ, ਜੋ ਸੰਤ ਭਿੰਡਰਾਂ ਵਾਲਿਆਂ ਦੀ ਦੱਸੀ ਜਾਂਦੀ ਸੀ। ਇਸ ਲਾਸ਼ ਤੇ ਪੀਲਾ ਕਪੜਾ ਪਾਇਆ ਹੋਇਆ ਸੀ ਅਤੇ ਇਸ ਨੂੰ ਘੰਟਾ ਘਰ ਵਾਲੀ ਡਿਉਢੀ ਦੇ ਵਿਚਕਾਰ ਬਰਫ ਤੇ ਰੱਖਿਆ ਗਿਆ। ਦਰਬਾਰ ਸਾਹਿਬ ਦਾ ਇਨਫ਼ਰਮੇਸ਼ਨ ਅਫ਼ਸਰ ਸ: ਨਰਿੰਦਰ ਸਿੰਘ 'ਨੰਦਾ' ਵੀ ਸਾਡੇ ਨਾਲ ਬੈਠਾ ਸੀ। ਰਾਤ ਨੂੰ ਉਸ ਦੀ ਬਹੁਤ ਮਾਰ ਕੁਟਾਈ ਹੋਈ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਦਾ ਦੂਜਾ ਸਹਾਇਕ ਸਾਥੀ ਭਾਈ ਹਰਚਰਨ ਸਿੰਘ ਸਾਡੇ ਨਾਲ ਸੀ। ਫੌਜੀ, ਸ: ਨਰਿੰਦਰ ਸਿੰਘ ਨੰਦਾ ਅਤੇ ਭਾਈ ਹਰਚਰਨ ਸਿੰਘ ਰਾਗੀ ਨੂੰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਲਾਸ਼ ਦੀ ਸ਼ਨਾਖਤ ਕਰਵਾਉਣ ਲਈ ਲੈ ਗਏ। ਜਦ ਉਹ ਵਾਪਸ ਪਰਤੇ ਤਾਂ ਮੈਂ ਭਾਈ ਹਰਚਰਨ ਸਿੰਘ ਰਾਗੀ ਨੂੰ ਪੁੱਛਿਆ ਕਿ ਕੀ ਉਹ ਲਾਸ਼ ਸੰਤ ਭਿੰਡਰਾਂ



www.AKJ.Org

ਵਾਲਿਆਂ ਦੀ ਸੀ ? ਤਾਂ ਉਸ ਨੇ ਦੱਸਿਆ ਕਿ :

"ਉਹਨਾਂ ਦਾ ਚੇਹਰਾ ਤਾਂ ਉਡਿਆ ਹੋਇਆ ਸੀ ਅਤੇ ਇਕ ਗੋਲੀ ਗਲੇ ਵਿਚੋਂ ਲੰਘੀ ਹੋਈ ਹੈ, ਪੂਰੀ ਪਛਾਣ ਤਾਂ ਨਹੀਂ ਹੁੰਦੀ, ਪਰ ਸ਼ਕਲ ਉਹਨਾਂ ਨਾਲ ਮਿਲਦੀ-ਜੁਲਦੀ ਹੈ। ਉਥੇ ਸਾਰੇ ਇਹ ਕਹਿ ਰਹੇ ਸਨ ਕਿ ਸੰਤ ਭਿੰਡਰਾਂ ਵਾਲਾ ਇਹ ਹੀ ਹੈ, ਇਸ ਲਈ ਅਸੀਂ ਵੀ ਕਹਿ ਦਿੱਤਾ ਕਿ ਹਾਂ ਇਹ ਲਾਸ਼ ਸੰਤ ਭਿੰਡਰਾਂ ਵਾਲਿਆਂ ਦੀ ਹੀ ਹੈ।"

ਸੱਤ ਜੂਨ ਨੂੰ ਸਵੇਰੇ ਕੋਈ ਅੱਠ ਨੌਂ ਵਜੇ ਦੇ ਵਿਚਕਾਰ ਦਾ ਸਮਾਂ ਸੀ ਕਿ ਪੰਥ ਦੇ ਪ੍ਰਸਿੱਧ ਸਵਰਗਵਾਸੀ ਰਾਗੀ ਭਾਈ ਗੋਪਾਲ ਸਿੰਘ ਜੀ ਦੇ ਭਰਾਤਾ ਰਾਗੀ ਭਾਈ ਜਗੀਰ ਸਿੰਘ ਦੀ ਵਹੁਟੀ ਨੂੰ ਕੁਝ ਫੌਜੀ ਘਸੀਟਦੇ ਉਹਨਾਂ ਦੇ ਘੰਟਾ-ਘਰ ਸਾਈਡ ਤੇ ਪੰਜਾਬ ਐਂਡ ਸਿੰਧ ਬੈਂਕ ਦੇ ਉਪਰਲੇ ਰਿਹਾਇਸ਼ੀ ਮਕਾਨ ਵਿਚੋਂ ਹੇਠਾਂ ਸਾਡੇ ਪਾਸ ਲੈ ਆਏ। ਉਹ ਰੋਂਦੀ ਪਿਟਦੀ ਤੇ ਵਿਰਲਾਪ ਕਰਦੀ ਕਹਿ ਰਹੀ ਸੀ ਕਿ ਇਹਨਾਂ ਫੌਜੀਆਂ ਨੇ ਮੇਰੇ ਪਤੀ ਨੂੰ ਕਮਰੇ ਵਿਚੋਂ ਬਾਹਰ ਕੱਢ ਕੇ ਮਾਰ ਦਿੱਤਾ ਹੈ। ਸਾਡੇ ਸਾਹਮਣੇ ਉਸ ਨੂੰ ਗਸ਼ ਪੈ ਗਈ। ਉਥੋਂ ਉਸ ਨੂੰ ਹਸਪਤਾਲ ਲੈ ਗਏ, ਜਿਥੇ ਸਦਮਾ ਨਾ ਸਹਾਰਦੀ ਹੋਈ ਉਹ ਆਪਣੇ ਪਤੀ ਦੇ ਪਿੱਛੇ ਪਿੱਛੇ ਹੀ ਆਪਣੇ ਪਿਆਰੇ ਦੇ ਦੇਸ (ਪ੍ਰਲੋਕ) ਜਾ ਪੁੱਜੀ।

ਇਸੇ ਤਰ੍ਹਾਂ ਹੀ ਭਾਈ ਪ੍ਰੀਤਮ ਸਿੰਘ ਅਤੇ ਭਾਈ ਰਣਧੀਰ ਸਿੰਘ ਦੋ ਸਕੇ ਭਰਾ ਏਥੇ ਦਰਬਾਰ ਸਾਹਿਬ ਅੰਦਰ ਸੇਵਾਦਾਰ ਲੱਗੇ ਹੋਏ ਸਨ। ਇਹ ਪਿਛੋਂ ਯੂ. ਪੀ. ਦੇ ਰਹਿਣ ਵਾਲੇ ਸਨ ਅਤੇ ਏਥੇ ਕਈ ਸਾਲਾਂ ਤੋਂ ਨੌਕਰੀ ਕਰ ਰਹੇ ਸਨ। ਬ੍ਰਹਮ ਬੂਟੇ ਦੇ ਉਤਰ ਵਲ ਸੇਵਾਦਾਰਾਂ ਦੇ ਕੁਆਟਰਾਂ ਵਿਚ ਇਹਨਾਂ ਦੀ ਰਿਹਾਇਸ਼ ਸੀ। ਇਹਨਾਂ ਵਿਚੋਂ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਅਤੇ ਉਸ ਦੀਆਂ ਦੋ ਛੋਟੀ ਉਮਰ ਦੀਆਂ ਲੜਕੀਅ ਏਥੇ ਉਸ ਪਾਸ ਸਨ, ਜਦ ਕਿ ਭਾਈ ਰਣਧੀਰ ਸਿੰਘ ਦੀ ਵਹੁਟੀ ਦਿੱਲੀ ਆਪਣੇ ਪੇਕੇ ਗਈ ਹੋਈ ਸੀ। ਪੰਜ ਜੂਨ ਨੂੰ ਇਹਨਾਂ ਦੇ ਮਕਾਨ ਦੀ ਤਲਾਸ਼ੀ ਹੋਈ। ਤਲਾਸ਼ੀ ਲੈਣ ਤੋਂ ਬਾਅਦ ਫੌਜੀ ਇਹਨਾਂ ਨੂੰ ਕਹਿ ਗਏ ਕਿ ਤੁਸੀਂ ਕਿਧਰੇ ਬਾਹਰ ਨਹੀਂ ਜਾਣਾ, ਏਥੇ ਅੰਦਰ ਰਹਿਣਾ, ਤੁਹਾਨੂੰ ਕੁਝ ਨਹੀਂ ਕਹਾਂਗੇ। ਪਰ ਸਤ ਜੂਨ ਨੂੰ ਪੰਜ ਸਤ ਫੌਜੀ ਆਏ। ਉਹਨਾਂ ਨੇ ਭਾਈ ਪ੍ਰੀਤਮ ਸਿੰਘ ਦਾ ਬੂਹਾ ਖੁਲ੍ਹਵਾ ਕੇ ਉਸ ਨੂੰ ਬਾਹਰ ਕੱਢ ਲਿਆ। ਉਸ ਦੀਆਂ ਬਾਹਾਂ ਉਪਰ ਖੜੀਆਂ ਕਰਵਾ ਕੇ ਉਸ ਨੂੰ ਗੁਰੂ ਰਾਮਦਾਸ ਸਰਾਂ ਵਲ ਡਾਕਖਾਨੇ ਦੇ ਸਾਹਮਣੇ ਲੈ ਆਏ। ਉਸ ਦਾ ਭਰਾ ਰਣਧੀਰ ਸਿੰਘ ਨੰਗੇ ਪਿੰਡੇ ਆਪਣੇ ਭਾਈ ਪ੍ਰੀਤਮ ਸਿੰਘ ਦੀ ਇਕ ਲੜਕੀ ਨੂੰ ਕੁੱਛੜ ਚੁੱਕ ਕੇ ਪਿਛੇ ਪਿਛੇ ਆ ਗਿਆ। ਨਾਲ ਹੀ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਆਪਣੀ ਦੂਜੀ ਲੜਕੀ ਨੂੰ ਚੁੱਕ ਕੇ ਉਹਨਾਂ ਦੇ ਪਿਛੇ ਉਥੇ ਡਾਕਖਾਨੇ ਕੋਲ ਆ ਗਈ। ਏਥੇ ਫੌਜੀਆਂ ਨੇ ਪਹਿਲਾਂ ਭਾਈ ਪ੍ਰੀਤਮ ਸਿੰਘ ਨੂੰ ਗੋਲੀਆਂ ਮਾਰ ਕੇ ਉਸ ਦੀ ਪਤਨੀ, ਭਰਾ ਤੇ ਦੋਵੇਂ ਲੜਕੀਆਂ ਦੇ ਦੇਖਦਿਆਂ ਸ਼ਹੀਦ ਕਰ ਦਿੱਤਾ। ਆਪਣੇ ਭਰਾ ਨੂੰ ਗੋਲੀਆਂ ਲੱਗਦੀਆਂ ਦੇਖ ਕੇ ਭਾਈ ਰਣਧੀਰ ਸਿੰਘ ਅੱਗੇ ਵਧਿਆ ਤਾਂ ਫੌਜੀਆਂ ਨੇ ਉਸ ਨੂੰ ਵੀ ਸਮੇਤ ਕੁੱਛੜ ਚੁੱਕੀ ਛੋਟੀ ਲੜਕੀ ਦੇ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਤੋਂ ਬਾਅਦ ਉਹ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਨੂੰ ਉਸ ਦੀ ਦੂਜੀ ਲੜਕੀ ਸਮੇਤ ਘਸੀਟਦੇ ਹੋਏ ਸਾਡੇ ਕੋਲ ਛੱਡ ਗਏ। ਉਹ ਰੋਂਦੀ ਪਿਟਦੀ ਅਤੇ ਵਿਰਲਾਪ ਕਰਦੀ ਦਸ ਰਹੀ ਸੀ ਕਿ ਇਹਨਾਂ ਫੌਜੀਆਂ ਨੇ ਉਸ ਦਾ ਪਤੀ, ਤੇ ਉਸ ਦੇ ਪਤੀ ਦੇ ਭਰਾ ਨੂੰ ਸਮੇਤ ਉਸ ਦੀ ਕੁੱਛੜ ਚੁੱਕੀ ਲੜਕੀ ਦੇ ਉਸ ਦੀਆਂ ਅੱਖਾਂ ਸਾਹਮਣੇ ਗੋਲੀਆਂ ਮਾਰ ਕੇ ਭੁੰਨ ਸੁਟਿਆ ਹੈ।

ਪਿੰਡ ਪਲਾਸੌਰ (ਤਰਨ ਤਾਰਨ) ਦਾ ਰਹਿਣ ਵਾਲਾ ਭਾਈ ਤਰਸੇਮ ਸਿੰਘ, ਜੋ ਸ੍ਰੀ ਦਰਬਾਰ ਸਾਹਿਬ ਵਿਖੇ ਮੀਤ ਖਜ਼ਾਨਚੀ ਲੱਗਾ ਸੀ, ਉਸ ਨੂੰ ਫੌਜੀ ਸਤ ਜੂਨ ਨੂੰ ਕੋਈ ਨੌਂ ਵਜੇ ਸਵੇਰੇ ਜ਼ਖਮੀ ਹਾਲਤ ਵਿਚ ਦਰਬਾਰ ਸਾਹਿਬ ਵਿਚੋਂ ਬਾਹਰ ਕੱਢ ਕੇ ਸਾਡੇ ਕੋਲ ਲਿਆਏ ਸਨ। ਉਥੇ ਉਹ ਕੋਈ ਘੰਟੇ ਕੁ ਬਾਅਦ ਹੀ ਚਲਾਣਾ ਕਰ ਗਿਆ ਸੀ। ਕੋਈ ਸਾਢੇ ਕੁ ਦਸ ਵਜੇ ਫੌਜੀ ਅਫਸਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਅਰੰਭ ਕਰਵਾਇਆ। ਸਾਡੇ ਹੱਥ ਛੇ ਜੂਨ ਸ਼ਾਮੀਂ ਸਵਾ ਚਾਰ ਵਜੇ ਦੇ ਨੂੜੇ ਹੋਏ, ਸਤ ਜੂਨ ਨੂੰ ਦੁਪਹਿਰ ਦੇ ਕੋਈ ਸਾਢੇ ਬਾਰਾਂ ਵਜੇ ਕੁਝ ਸਮੇਂ ਵਾਸਤੇ ਖਾਣਾ ਖਾਣ ਲਈ ਖੋਲ੍ਹੇ ਗਏ। ਇਹ ਖਾਣਾ ਕਿਥੋਂ ਤੇ ਕਿਵੇਂ ਆਇਆ ? ਇਹ ਦੱਸਣਾ ਵੀ ਏਥੇ ਜ਼ਰੂਰੀ ਜਾਪਦਾ ਹੈ। ਇਹ ਖਾਣਾ ਉਹ ਹਿੰਦੂ ਦੁਕਾਨਦਾਰ ਵਰਤਾ ਰਹੇ ਸਨ ਜਿਹੜੇ ਦਰਬਾਰ ਸਾਹਿਬ ਤੇ ਫੌਜੀ


www.AKJ.Org

ਹਮਲੇ ਕਾਰਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਅਤੇ ਉਹਨਾਂ ਦੇ ਸਾਥੀਆਂ ਦੇ ਮਾਰੇ ਜਾਣ ਤ ਲੋੜ ਤੋਂ ਵੀ ਵਧ ਖੁਸ਼ ਸਨ ਅਤੇ ਉਹ ਫੌਜੀਆਂ ਲਈ ਖੁੱਲ੍ਹੇ ਦਿਲ ਨਾਲ ਚਾਹ, ਰੋਟੀਆਂ, ਪੂੜੀਆਂ, ਸਬਜ਼ੀਆਂ ਤੇ ਦਾਲਾਂ ਤਿਆਰ ਕਰ ਕਰ ਕੇ ਭੇਜ ਰਹੇ ਸਨ। ਉਸ ਵਿਚੋਂ ਹੀ ਖਾਣਾ ਸਾਡੇ ਵੱਲ ਭੇਜਿਆ ਗਿਆ। ਸਾਡਾ ਮਨ ਉਹ ਖਾਣਾ ਲੈਣ ਨੂੰ ਉੱਕਾ ਨਹੀਂ ਕਰਦਾ ਸੀ, ਭਾਵੇਂ ਅਸੀਂ ਪਿਛਲੇ ਦੋ ਦਿਨਾਂ ਤੋਂ ਕੁਝ ਵੀ ਨਹੀਂ ਖਾਧਾ ਸੀ। ਪਰ ਪਿਛਲੇ ਦੋ ਦਿਨਾ ਤੋਂ ਭੁਖੇ ਤਿਹਾਏ ਬੱਚੇ ਤੇ ਬੱਚੀਆਂ ਦੀ ਦਰਦਨਾਕ ਦਸ਼ਾ ਨੂੰ ਧਿਆਨ ਵਿਚ ਲਿਆ ਕੇ ਅਤੇ ਦੂਜੇ ਇਹ ਸੋਚ ਕੇ ਕਿ ਇਹ ਖਾਣਾ ਖਾਣ ਤੋਂ ਇਨਕਾਰ, ਸਾਡੇ ਪ੍ਰਤੀ ਇਹਨਾਂ ਫੌਜੀਆਂ ਦੇ ਮਨਾਂ ਵਿਚ ਹੋਰ ਘਿਰਣਾ ਦੀ ਅੱਗ ਭੜਕਾਏਗਾ, ਅਸੀਂ ਵੀ ਥੋੜ੍ਹਾ ਬਹੁਤ ਖਾਣਾ ਲੈ ਲਿਆ। ਸਾਡੇ ਹੱਥ ਫੇਰ ਉਸੇ ਤਰ੍ਹਾਂ ਬੰਨ੍ਹ ਦਿਤੇ ਗਏ।

ਸ਼ਾਮ ਦੇ ਕੋਈ ਸਾਢੇ ਤਿੰਨ ਵਜੇ ਫੌਜੀ ਗੱਡੀਆਂ ਆਈਆਂ। ਸਾਨੂੰ ਉਹਨਾਂ ਵਿਚ ਚੜ੍ਹਨ ਲਈ ਕਿਹਾ ਗਿਆ। ਪਿਛੇ ਹੱਥ ਬੰਨ੍ਹੇ ਹੋਣ ਕਰਕੇ ਜੋ ਚੜ੍ਹਨ ਵਿਚ ਢਿੱਲ ਕਰਦਾ ਸੀ, ਉਸ ਦੀ ਬੰਦੂਕਾਂ ਦੇ ਬੱਟਾਂ ਨਾਲ ਮੁਰੰਮਤ ਸ਼ੁਰੂ ਹੋ ਜਾਂਦੀ ਸੀ। ਬਾਬਾ ਸ਼ਾਮ ਸਿੰਘ ਦੇ ਡੇਰੇ ਵਾਲਾ ਬਾਬਾ ਸਰਦਾਰਾ ਸਿੰਘ ਗੁਰੂ ਘਰ ਦਾ ਬੜਾ ਪ੍ਰੇਮੀ ਸੀ। ਤਿਪਹਿਰੇ ਦੀ ਚੌਂਕੀ ਵੇਲੇ ਉਹ ਹਰਿਮੰਦਰ ਸਾਹਿਬ ਹਰ ਰੋਜ਼ ਡੇਰੇ ਤੋਂ ਦੇਗ ਸਜਾ ਕੇ ਭੇਟ ਕਰਿਆ ਕਰਦਾ ਸੀ। ਬਿਰਧ ਅਵਸਥਾ ਹੋਣ ਕਰਕੇ ਟਰੱਕਾਂ ਵਿਚ ਚੜ੍ਹਨ ਉਤਰਨ ਵੇਲੇ ਉਸ ਦੀ ਇਤਨੀ ਮਾਰ ਕੁਟਾਈ ਹੋਈ ਕਿ ਉਸ ਗੁਰਮੁਖ ਬਾਬੇ ਨੇ ਕੈਂਪ ਜੇਲ੍ਹ ਵਿਚ ਜਾ ਕੇ ਪ੍ਰਾਣ ਤਿਆਗ ਦਿੱਤੇ। ਇਉਂ ਹੀ ਗਠੜੀ ਘਰ ਦਾ ਸੇਵਾਦਾਰ ਭਾਈ ਕਿਕਰ ਸਿੰਘ ਉਰਫ਼ ਕੁਲਵੰਤ ਸਿੰਘ ਸੀ। ਉਸ ਦੀਆਂ ਲੱਤਾਂ ਠੀਕ ਕੰਮ ਨਹੀਂ ਕਰਦੀਆਂ ਸਨ। ਉਸ ਦੀ ਵੀ ਟਰੱਕ ਤੇ ਚੜ੍ਹਨ ਉਤਰਨ ਸਮੇਂ ਬਹੁਤ ਮਾਰ ਕੁਟਾਈ ਕੀਤੀ ਗਈ, ਜਿਸ ਕਰਕੇ ਉਹ ਵੀ ਕੈਂਪ ਜੇਲ੍ਹ ਵਿਚ ਪੁੱਜ ਕੇ ੬ ਜੂਨ ਦੁਪਹਿਰ ਨੂੰ ਚਲਾਣਾ ਕਰ ਗਿਆ।

ਛਾਉਣੀ ਵਿਚ ਬਣੇ ਸੈਨਿਕ ਸਕੂਲ ਦੀ ਉਤਲੀ ਛੱਤ ਦੇ ਤੰਗ ਜਿਹੇ ਕਮਰੇ ਵਿਚ ਸਾਨੂੰ ਪੰਜਾਹ ਬੰਦਿਆਂ ਨੂੰ ਤਾੜ ਦਿੱਤਾ ਗਿਆ। ਪਿਆਸ ਨਾਲ ਸਾਰੇ ਵਿਆਕੁਲ ਹੋਏ ਕੁਰਲਾ ਰਹੇ ਸਨ। ਕੋਈ ਤਿੰਨ ਘੰਟਿਆਂ ਪਿਛੋਂ ਪਾਣੀ ਦਿੱਤਾ ਗਿਆ। ਬੀਬੀਆਂ ਬੱਚੇ ਸਾਡੇ ਨਾਲੋਂ ਵੱਖ ਕਰ ਦਿੱਤੇ ਗਏ ਸਨ। ਇਸ ਕਮਰੇ ਵਿਚ ਪਾਣੀ ਦੀ ਇਕੋ ਟੂਟੀ ਟੱਟੀ ਵਾਲੇ ਕਮਰੇ ਵਿਚ ਹੀ ਸੀ, ਜਿਥੋਂ ਸਿੰਘ ਪੀਣ ਤੇ ਇਸ਼ਨਾਨ ਕਰਨ ਲਈ ਪਾਣੀ ਵਰਤਦੇ ਰਹੇ। ਦਿਨ ਵਿਚ ਦੋ ਵੇਰਾਂ ਸੁੱਕੇ ਸੜੇ ਪ੍ਰਸ਼ਾਦੇ ਸਾਨੂੰ ਵਰਤਾਏ ਜਾਂਦੇ ਸਨ।

ਏਥੇ ਹਰ ਇਕ ਬੰਦੇ ਦੀ ਵੱਖ ਵੱਖ ਪੁਛ-ਦਸ ਕੀਤੀ ਗਈ। ਦੋ ਦੋ ਦਫਾ ਸਾਡੇ ਫੋਟੋ ਵੀ ਲਏ ਗਏ। ਪੁੱਛ ਪੜਤਾਲ ਸਮੇਂ ਸਾਡੇ ਪਾਸੋਂ ਇਸ ਤਰ੍ਹਾਂ ਦੇ ਸੁਆਲਾਂ ਦਾ ਉੱਤਰ ਮੰਗਿਆ ਜਾਂਦਾ ਸੀ :—

(ੳ) ਅਤਿਵਾਦੀ ਕਦੋਂ ਤੋਂ ਹਥਿਆਰ ਜਮ੍ਹਾ ਕਰਦੇ ਆਏ ਹਨ ?
(ਅ) ਕੀ ਉਹ ਏਥੇ ਦਰਬਾਰ ਸਾਹਿਬ ਅੰਦਰ ਲੜਕੀਆਂ ਨਾਲ ਬਦਫੈਲੀ ਵੀ ਕਰਦੇ ਰਹੇ ਹਨ ?
(ੲ) ਕੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਕੋਈ ਸੁਰੰਗ ਵੀ ਹੈ ?
(ਸ) ਕੀ ਉਹ ਦਰਬਾਰ ਸਾਹਿਬ ਦੇ ਲਾਗੇ ਦੀਆਂ ਦੁਕਾਨਾਂ ਦਾ ਸਾਮਾਨ ਜ਼ਬਰਦਸਤੀ ਚੁੱਕ ਕੇ ਅੰਦਰ ਲਿਆਉਂਦੇ ਰਹੇ ਹਨ ?
(ਹ) ਅਤਿਵਾਦੀਆਂ ਕੋਲ ਹਥਿਆਰ ਕਿਥੋਂ ਤੇ ਕਿਵੇਂ ਆਉਂਦੇ ਰਹੇ ?

ਮੈਂ ਤਰਤੀਬਵਾਰ ਇਹਨਾਂ ਸੁਆਲਾਂ ਦੇ ਉਤਰ ਇਉਂ ਦਿਤੇ :—

(ੳ) ਹਥਿਆਰਾਂ ਦੀ ਸਰਕਾਰ ਦੀ ਸੀ. ਆਈ. ਡੀ. ਨੂੰ ਹੀ ਸਹੀ ਜਾਣਕਾਰੀ ਹੋਵੇਗੀ। ਮੈਨੂੰ ਕੁਝ ਪਤਾ ਨਹੀਂ।
(ਅ) ਲੜਕੀਆਂ ਬਾਰੇ ਅਜਿਹੀ ਗੱਲ ਪਹਿਲਾਂ ਅਸੀਂ ਨਾ ਸੁਣੀ ਹੈ, ਨਾ ਵੇਖੀ ਹੈ।
(ੲ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਕੋਈ ਸੁਰੰਗ ਨਹੀਂ।
(ਸ) ਸਾਮਾਨ ਚੁਕ ਕੇ ਲਿਆਉਣ ਬਾਰੇ ਵੀ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਨਹੀਂ। ਮੇਰਾ ਵਾਸਤਾ ਆਪਣੀ ਡਿਊਟੀ ਨਾਲ ਹੀ ਸੀ।



www.AKJ.Org

(ਹ) ਹਥਿਆਰ ਉਹਨਾਂ ਪਾਸ ਕਿਥੋਂ ਤ ਕਿਵੇਂ ਆਉਂਦੇ ਰਹੇ, ਇਸ ਬਾਰੇ ਮੈਨੂੰ ਉੱਕਾ ਹੀ ਕੋਈ ਜਾਣਕਾਰੀ ਨਹੀਂ।

ਇਸ ਤਰ੍ਹਾਂ ਪੁਛ ਪੜਤਾਲ ਅਤੇ ਛਾਣ-ਬੀਣ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ੮੩ ਹੋਰ ਕਰਮਚਾਰੀਆਂ ਸਮੇਤ ਮੈਨੂੰ ੧੭ ਜੂਨ ੧੯੮੪ ਨੂੰ ਰਿਹਾ ਕੀਤਾ ਗਿਆ। ਇਉਂ ਮੌਤ ਦੇ ਮੂੰਹ ਵਿਚੋਂ ਮੇਰੀ ਖਲਾਸੀ ਹੋਈ, ਪਰ ਮੇਰੇ ਪਰਵਾਰ ਦੇ ਦੂਜੇ ਮੈਂਬਰਾਂ ਨੂੰ ਨਾ ਛੱਡਿਆ ਗਿਆ। ਉਹਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ, ਜਿਥੋਂ ਮੈਂ ੨੮ ਜੂਨ ਨੂੰ ਉਹਨਾਂ ਦੀ ਜ਼ਮਾਨਤ ਕਰਵਾ ਕੇ ਬਾਹਰ ਲਿਆਂਦਾ।

ਦਰਬਾਰ ਸਾਹਿਬ ਅੰਦਰ ਤਾਇਨਾਤ ਫੌਜੀਆਂ ਦੀ ਸਹਾਇਤਾ ਨਾਲ ਮੈਂ ਆਪਣੀ ਰਿਹਾਇਸ਼ ਵਾਲਾ ਮਕਾਨ ਦੇਖਣ ਗਿਆ। ਬਾਹਰ ਦਾ ਤਾਲਾ ਟੁੱਟਾ ਹੋਇਆ ਸੀ। ਘਰ ਦਾ ਸਾਰਾ ਸਾਮਾਨ, ਏਥੋਂ ਤਕ ਕਿ ਭਾਂਡੇ ਤੇ ਕਪੜੇ ਆਦਿ ਵੀ, ਸਭ ਚੁਕੇ ਗਏ ਸਨ। ਕੇਵਲ ਲੱਕੜ ਦੀਆਂ ਕੁਝ ਚੀਜ਼ਾਂ ਜੋ ਆਸਾਨੀ ਨਾਲ ਨਹੀਂ ਚੁੱਕੀਆਂ ਜਾ ਸਕਦੀਆਂ ਸਨ, ਰਹਿ ਗਈਆਂ ਸਨ, ਉਹ ਵੀ ਭੰਨੀਆਂ ਤੋੜੀਆ ਪਈਆਂ ਸਨ।

ਮੇਰੇ ਅਨੁਮਾਨ ਅਨੁਸਾਰ ਮੇਰੇ ਘਰ ਦਾ ਕੋਈ ੨੦ ਹਜ਼ਾਰ ਰੁਪੈ ਦਾ ਨੁਕਸਾਨ ਹੋਇਆ ਹੈ। ਪਰ ਸ਼ੁਕਰ ਹੈ ਉਸ ਅਕਾਲ ਪੁਰਖ ਦਾ ਜਿਸ ਨੇ ਕੁਝ ਹੋਰ ਸਮੇਂ ਲਈ ਸੰਗਤ ਨਾਲ ਸਾਂਝ ਬਣਾਈ ਰੱਖਣ ਦਾ ਅਵਸਰ ਦੇ ਦਿਤਾ। ਘੰਟਾ ਘਰ ਗੇਟ ਅੱਗੇ ਬੰਨ੍ਹ ਕੇ ਬਿਠਾਏ ਹੋਏ ਅਸੀਂ ਜ਼ਿੰਦਗੀ ਦਾ ਆਸ ਉੱਕਾ ਲਾਹ ਬੈਠੇ ਸਾਂ।

[ਗੁਰਮਤਿ ਪ੍ਰਕਾਸ਼, ਅਗਸਤ ੧੯੮੫

---

# ਮੌਜੂਦਾ ਹਾਲਾਤ

ਮੌਜੂਦਾ ਸਮੇਂ ਅੰਦਰ ਸਰਕਾਰ ਨੇ ਸਿੱਖਾਂ ਦੇ ਮੰਦਰ ਢਾਹ ਦਿਤੇ, ਸੈਂਕੜੇ ਦੇਹਾਂ ਪਵਿਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾੜ (ਅਗਨੀ ਭੇਂਟ ਕਰ) ਦਿੱਤੀਆਂ। ਪੁਸਤਕਾਲੇ ਤੇ ਅਜਾਇਬ ਘਰ, ਜੋ ਧਰਮ, ਕਲਚਰ, ਸਭਿਆਚਾਰ, ਵਿਦਿਆ ਦੇ ਸੋਮੇ ਹੁੰਦੇ ਹਨ, ਤਬਾਹ ਕਰ ਦਿੱਤੇ। ਹਜ਼ਾਰਾਂ ਸਿੰਘ ਸਿੰਘਣੀਆਂ, ਮਾਸੂਮ ਬੱਚੇ ਬੱਚੀਆਂ ਪਾਵਨ ਗੁਰਧਾਮਾਂ ਅੰਦਰ ਗੋਲੀਆਂ ਦਾ ਨਿਸ਼ਾਨਾ ਬਣਾ ਦਿਤੇ। ਪੁਲਸ ਅਫਸਰਾਂ ਤੇ ਕਾਂਗਰਸੀ ਵਜ਼ੀਰਾਂ, ਲੀਡਰਾਂ ਦੀ ਸਰਗਰਮ ਸਹਾਇਤਾ ਤੇ ਸ਼ਹਿ ਨਾਲ ਹਜ਼ਾਰਾਂ ਹੀ ਸਿੱਖ ਸਿੰਘ-ਸਿੰਘਣੀਆਂ, ਬੱਚੇ ਬੱਚੀਆਂ, 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਦੇ ਬਹੁਤੇ ਸ਼ਹਿਰਾਂ ਵਿਚ ਅਜਿਹੇ ਤਸੀਹੇ ਦੇ ਦੇ ਕੇ, ਕੋਹ ਕੋਹ ਕੇ ਕਤਲ ਕੀਤੇ ਕਿ ਚੰਗੇਜ਼ ਖਾਂ ਤੇ ਨਾਦਰ ਸ਼ਾਹ ਦੀਆਂ ਅੱਖਾਂ ਵੀ ਸ਼ਰਮ ਨਾਲ ਅੰਨ੍ਹੀਆਂ ਹੋ ਗਈਆਂ। ਠੀਕ, ਸਿੱਖਾਂ ਅੰਦਰ ਸਹਿਮ ਤੇ ਸ਼ੰਕੇ ਵਾਪਰੇ। ਪਰ ਅਜਿਹੇ ਸਮੇਂ ਅੰਦਰ ਵੀ ਸਿਖਾਂ ਅੰਦਰ ਇਕ ਰੋਹ ਹੈ। ਆਸ ਹੈ, ਗੁਰੂ ਭਰੋਸਾ ਹੈ,ਸਾਹਸ ਹੈ, ਇਕ ਜਜ਼ਬਾ ਹੈ ਜੋ ਉਨ੍ਹਾਂ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰਖ ਰਿਹਾ ਹੈ। 'ਦੜ ਵਟ, ਜ਼ਮਾਨਾ ਕਟ ਭਲੇ ਦਿਨ ਆਉਣਗੇ', ਇਹ ਗੁਣ ਹਨ ਜੋ ਸਿੱਖਾਂ ਨੂੰ ਸ੍ਰੀ ਜਵਾਹਰ ਲਾਲ ਜੀ ਨਹਿਰੂ ਦੇ ਇਸ ਵਾਕ ਨੂੰ ਪੂਰਾ ਕਰਨ ਲਈ ਉਤਸ਼ਾਹ ਦੇ ਰਹੇ ਹਨ'ਭਾਰਤ ਦੇ ਉਤਰ ਵਿਚ ਇਕ ਅਜਿਹਾ ਖਿਤਾ ਹੋਵੇ ਜਿਥੇ ਸਿੱਖ ਵੀ ਆਜ਼ਾਦੀ ਦੀ ਲਾਲੀ ਤੇ ਚਮਕ ਮਾਣ ਸਕਣ।' ਇਹ ਯਾਦਗਾਰੀ ਤੇ ਇਤਿਹਾਸਕ ਕਥਨ, ਉਨ੍ਹਾਂ ਨੇ ੬ ਜੁਲਾਈ ੧੯੪੬ ਨੂੰ ਕਲਕਤੇ ਕਾਂਗਰਸ ਸੈਸ਼ਨ ਸਮੇਂ ਇਕ ਪ੍ਰੈੱਸ ਕਾਨਫਰੰਸ ਵਿਚ ਉਚਾਰੇ। ਭਾਵੇਂ ਉਸ ਦੀ ਸੰਤਾਨ ਆਪਣੇ ਵੱਡੇ ਵਡੇਰੇ ਦੇ ਵਾਕਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ, ਸਿੱਖ ਪੂਰਾ ਕਰਨਗੇ।

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿਖ ਹੌਂ ਆਪਨੇ ਹੀ ਮਨ ਕਉ, ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈਂ ਤਬ ਜੂਝ ਮਰੋਂ।੩੨੧। (ਚੰਡੀ ਚਰਿਤ੍ਰ)

(ਪ੍ਰਿੰ: ਨਾਹਰ ਸਿੰਘ ਗਰੇਵਾਲ ਲਿਖਤ ਲੇਖ "ਆਜ਼ਾਦੀ ਘੋਲ ਚਿ ਸਿਖ" ਵਿਚੋਂ—ਅਜੀਤ, 15-8-85)



www.AKJ.Org

# ਗੁਰੂ ਨਾਨਕ-ਨਾਮ-ਲੇਵਾ ਨੂੰ ਸੰਬੋਧਨ

ਵਲੋਂ—ਗਿ: ਗੋਪਾਲ ਸਿੰਘ 'ਮਿੱਤਰ' ਮਾਲਬ

[ਮੇਵਾਤ—ਮੁਸਲਮਾਨੀ ਇਲਾਕੇ ਵਿਚ ਰਹਿੰਦਿਆਂ ਮਨ ਤੇ ਪਏ ਪ੍ਰਭਾਵ]

'ਅਲਾ ਹੂ' ਦੀ ਮਸੀਤੋਂ ਆਵਾਜ਼ ਆਈ, ਮੁਸਲਮਾਨ ਉਠ ਟੁਰੇ ਨੇ ਨਿਮਾਜ਼ ਦੇ ਲਈ।
ਉਨ੍ਹਾਂ ਰਖਿਆ ਹੋਇਆ ਏ ਮੌਲਵੀ ਇਕ, ਮਸਜਿਦ ਵਿਚ ਅਜ਼ਾਨ ਅਵਾਜ਼ ਦੇ ਲਈ।
ਸੌ ਕੰਮ ਵੀ ਛੱਡ ਕੇ ਟੁਰ ਪੈਂਦੇ, ਪੱਕੇ ਮਜ਼੍ਹਬ ਦੇ ਸ਼ਰਹ-ਪਾਬੰਦ ਨੇ ਉਹ।
ਰੋਕ ਉਨ੍ਹਾਂ ਵਿਚ ਕੋਈ ਨਹੀਂ ਪਾ ਸਕਦਾ, ਸੱਚੀ ਗੱਲ ਏ ਅਲ੍ਹਾ-ਫ਼ਰਜ਼ੰਦ ਨੇ ਉਹ।

ਮੈਂ ਗੁਰੂ ਨਾਨਕ ਦੀ ਉੱਮਤ ਤੋਂ ਪੁੱਛਦਾ ਹਾਂ, ਕਿਤਨੇ ਧਰਮ ਦੇ ਹੋ ਵਫ਼ਾਦਾਰ ਤੁਸੀਂ।
ਸੁੰਦਰ ਸਾਬਤ ਸਰੂਪ ਵੀ ਹੈ ਤੁਹਾਡਾ, ਦਿਸਦੇ ਧਰਮ ਦੇ ਹੋ ਸੇਵਾਦਾਰ ਤੁਸੀਂ।
ਦੋ ਵੇਲੇ ਸਤਿਸੰਗ ਵਿਚ ਪੁੱਜਦੇ ਹੋ ? ਮਨ ਆਪਣੇ ਵਿਚ ਝਾਤੀ ਮਾਰ ਵੇਖੋ।
ਅੰਮ੍ਰਿਤ ਵੇਲੇ ਉਠ ਸਿਮਰਨ ਕਮਾਈ ਕਰਦੇ, ਸਾਰਾ ਦਿਨ ਕਰਦੇ ਕਿੱਦਾਂ ਕਾਰ ਵੇਖੋ ?

ਬਾਣੀ ਗੁਰੂ ਤੇ ਹੈਗੀ ਪ੍ਰਤੀਤ ਤੁਹਾਡੀ ? ਅਲ੍ਹਾ ਵਾਹਿਗੁਰੂ ਤੇ ਹੈ ਯਕੀਨ ਤੁਹਾਡਾ ?
ਰੱਬ ਵਸਦਾ ਤੁਹਾਡਾ ਸਿਨੇਮਿਆਂ ਵਿਚ, ਹਿਰਦਾ ਹੋ ਗਿਆ ਨਹੀਂ ਸ਼ਰਧਾ-ਹੀਨ ਤੁਹਾਡਾ ?
ਜਾਉ ਗੁਰੂ ਦੀਦਾਰ ਲਈ ਦੋ ਵੇਲੇ, ਝੱਖੜ ਝਾਂਗੀ ਤੇ ਭਾਵੇਂ ਬਰਸਾਤ ਹੋਵੇ ?
ਗੁਰੂ ਹੁਕਮ ਨੂੰ 'ਮਿੱਤਰ' ਜੀ ਮੰਨਦੇ ਹੋ, ਪੁਜਦੇ ਹੋ ਜਿੱਥੇ ਰੱਬ ਦੀ ਬਾਤ ਹੋਵੇ ?

ਨਹੀਂ ਤਾਂ ਅਲ੍ਹਾ-ਪ੍ਰਸਤਾਂ ਤੋਂ ਸਬਕ ਸਿੱਖੋ, ਰਬ ਨੇ ਬੰਦਗੀ ਲਈ ਤੁਹਾਨੂੰ ਘੱਲਿਆ ਏ।
ਨਹੀਂ ਮੰਨਦੇ ਤਾਂ ਸੋਚੋ ਜਗ ਅੰਦਰ, ਤੁਸੀਂ ਜ਼ਿਮੀਂ ਦਾ ਪਿੜ ਕਿਉਂ ਮੱਲਿਆ ਏ।
"ਕਲੂ ਆਇਓ ਰੇ" "ਬੋਵਹੁ ਨਾਮੁ ਬੋਵਹੁ" ਵਾਜ ਸੋਹਣੇ ਗੁਰੂ ਨਾਨਕ ਦੀ ਆ ਰਹੀ ਏ।
ਉਠੋ ਸਿਦਕੀਓ ਜਾਉ ਸਤਸੰਗ ਅੰਦਰ, "ਸ਼ਬਦਿ ਲਾਗਹੁ" ਇਹ ਕੁਦਰਤ ਵੀ ਗਾ ਰਹੀ ਏ।

---

# ਨਿਸਚਾ ਰਖੋ ਸਿੱਖ ਪੰਥ ਦੇ ਉਤੇ

ਸ: ਤੇਗ ਬਹਾਦਰ ਸਿੰਘ ਤੇਗ

ਸਿੱਖ ਪੰਥ ਹੈ ਜਿਹੜਾ
ਇਹ ਫ਼ੌਜ ਅਕਾਲੀ ਓਸ ਗੁਰੂ ਦੀ
ਜਿਹਨੇ ਦੇਸ਼ ਦੀ ਖ਼ਾਤਰ, ਕੌਮ ਦੀ ਖ਼ਾਤਰ
ਸਰਬੰਸ ਲੁਟਾਇਆ।

ਓਹਦੇ ਹੀ ਇਹ ਸਿੰਘ ਸੂਰਮੇ,
ਬੜੇ ਅਣਖੀਲੇ, ਸੰਤ ਸਿਪਾਹੀ,
ਤੁਹਾਡੇ ਰਾਖੇ, ਕੌਮ ਦੇ ਰਾਖੇ,
ਮੈਂ ਆਖਾਂ, ਇਹ ਵਾੜ ਦੇਸ ਦੀ।
ਨਿਸਚਾ ਰਖੋ ਸਿੱਖ ਪੰਥ ਦੇ ਉਤੇ।

ਉਹ ਸਿਖ ਪੰਥ
ਜੋ ਤਿਲਕ ਜੰਞੂ ਦਾ ਕਦੇ ਰਾਖਾ ਬਣਿਆ,
ਅਤੇ ਜਨਮਿਆ ਸੀ ਤਲਵਾਰ ਦੀ ਧਾਰੋਂ।

ਉਹ ਪੰਥ ਜਿਹੜਾ
ਰਾਖਾ ਬਣਿਆ ਸਦਾ ਹੀ ਮਜ਼ਲੂਮਾਂ ਦਾ
ਤੇ ਭਲਾ ਮੰਗੇ ਸਰਬੱਤ ਦਾ
ਆਪਣੇ ਹੀ ਪੁਰਖ ਅਕਾਲ ਤੋਂ।
ਨਿਰਵੈਰ, ਨਿਸ-ਕਪਟ, ਨਿਰਛਲ ਪੰਥ ਨਾਲ
ਡਿੰਗਾ ਮਿਲਵਰਤਣ ਯੋਗ ਨਾ।
ਇਹ ਟੈਂ ਨਾ ਮੰਨੇ ਕਿਸੇ ਦੀ।



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸ੍ਰੀ ਅੰਮ੍ਰਿਤਸਰ, ਕਾਨਪੁਰ, ਦਿਲੀ ਅਤੇ ਪੰਜਾਬ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਬਣੇ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ। ਐਤਕੀ ਪੁਜੀ ਸਹਾਇਤਾ ਹੇਠ ਲਿਖੇ ਅਨੁਸਾਰ ਹੈ—

| | |
|---|---|
| ਭਾ: ਸਤਨਾਮ ਸਿੰਘ ਸੁਰਜੀਤ ਸਿੰਘ ਅੰਮ੍ਰਿਤਸਰ ਵਲੋਂ ਪਿਤਾ ਭਾ: ਗੁਰਬਚਨ ਸਿੰਘ ਦੀ ਯਾਦ ਵਿਚ | ੧੦੦-੦੦੦ |
| ਭਾ: ਗੁਰਬਚਨ ਸਿੰਘ ਖਾਲਸਾ, ਫੇਰੋਚੇਚੀ (ਗੁਰਦਾਸਪੁਰ) | ੪੦-੦੦ |
| ਸਾ: ਤੀਰਥ ਸਿੰਘ, ਜਨਕਪੁਰੀ, ਨਵੀਂ ਦਿਲੀ | ੫੦-੦੦ |
| ਭਾਈ ਰੇਸ਼ਮ ਸਿੰਘ, ਲਿਸਟਰ ਯੂ. ਕੇ. | ੨੪੧੨-੦੦ |
| ਸਾ: ਅਮਰਜੀਤ ਸਿੰਘ ਐਡਵੋਕੇਟ, ਲਖਨਊ | ੫੦੦-੦੦ |
| ਭਾ: ਮਹਿੰਦਰ ਸਿੰਘ ਖਾਲਸਾ, ਨੰਗਲ ਟਾਊਨਸ਼ਿਪ | ੧੨੫-੦੦ |
| ਸਾ: ਹਰਬੰਸ ਸਿੰਘ ਨਰੈਣਗੜ੍ਹ (ਅੰਬਾਲਾ) | ੨੧-੦੦ |
| G. R. E. F. ਤੇ ਹੋਰ ਸੰਗਤ ਬਾੜਮੇਰ | ੪੫੦-੦੦ |
| ਸ: ਸਰਦੂਲ ਸਿੰਘ, ਸਹਾਰਨਪੁਰ | ੫੦੦-੦੦ |
| ਸ: ਹਰਭਜਨ ਸਿੰਘ ਸਾਬਰਮਤੀ, ਅਹਿਮਦਾਬਾਦ | ੧੦੦-੦੦ |
| ਭਾਈ ਕੁਲਦੀਪ ਸਿੰਘ ਨੇਵੀ, ਬੰਬੇ | ੧੦੦-੦੦ |
| ਸਾ: ਗੁਰਮੁਖ ਸਿੰਘ, ਪਿੰਡ ਸ਼ੰਕਰ (ਜਲੰਧਰ) | ੧੦੧-੦੦ |
| ਸ੍ਰੀਮਤੀ ਬੀਬੀ ਸੁਰਜੀਤ ਕੌਰ, ਅੰਮ੍ਰਿਤਸਰ | ੫-੦੦ |
| ਸਾ: ਜਸਵੰਤ ਸਿੰਘ ਤੇ ਬੀ: ਅੰਮ੍ਰਿਤ ਕੌਰ, ਕੈਲਗਰੀ ਕੈਨੇਡਾ | ੧੦੦੦-੦੦ |
| ਸੂਬੇਦਾਰ ਦਰਸ਼ਨ ਸਿੰਘ, ਅਕਬਰਪੁਰ (ਪਟਿਆਲਾ) | ੫੦-੦੦ |
| ਸਿਖ ਸੰਗਤ ਦੋਹਾ ਕਤਰ | ੧੩,੦੦੦-੦੦ |
| ਸ: ਇੰਦਰ ਸਿੰਘ, ਰਾਜਪੁਰਾ | ੨੫-੦੦ |
| ਭਾਈ ਹਰਮਿੰਦਰ ਸਿੰਘ, ਫਗਵਾੜਾ | ੧੦੧-੦੦ |
| ਸ: ਹਰਜੀਤ ਸਿੰਘ ਐਸ ਏ ਐਸ ਨਗਰ ਮੋਹਾਲੀ | ੧੦੦-੦੦ |
| ਬੀਬੀ ਆਗਿਆ ਕੌਰ, ਰਾਜਪੁਰਾ | ੫੦-੦੦ |
| ਸ: ਪ੍ਰਸ਼ੋਤਮ ਸਿੰਘ ਉਬੇਰਾਇ, ਬੰਬੇ-੮੦ | ੨੪੭-੦੦ |
| ਮੇਜਰ ਗੁਰਦੀਪ ਸਿੰਘ ਸ: ਹਰਭਜਨ ਸਿੰਘ, ਸ: ਮੀਤ ਸਿੰਘ, ਜੋਧਪੁਰ | ੧੦੦੦-੦੦ |
| Sgt. ਬਲਵੰਤ ਸਿੰਘ, ਨਾਂਗਲੀਆਰ (ਮੇਘਾਲਿਆ) | ੧੦੦-੦੦ |
| ਗੁਰਸਿਖ ਪਰਵਾਰ ਭੂਪਾਲ (ਰਾਹੀਂ ਭਾ: ਮਹਾਂ ਸਿੰਘ) | ੧੫੦੦-੦੦ |
| Sgt ਹਰਸੇਵ ਸਿੰਘ, ਆਦਮਪੁਰ (ਹੁਸ਼ਿਆਰਪੁਰ) | ੧੦੦-੦੦ |
| ,, ,, ,, (ਗੁਰੂ ਕੀ ਗੋਲਕ) | ੯੩-੦੦ |
| ਸ: ਮਲਕੀਅਤ ਸਿੰਘ, ਗ੍ਰੀਨ ਫੋਰਡ ਯੂ. ਕੇ. | ੨੩੪੦-੦੦ |
| ਭਾਈ ਜਗੀਰ ਸਿੰਘ, ਕੋਹਕਾ, ਭਿਲਾਈ ਐਮ. ਪੀ. | ੫੦-੦੦ |
| ਪੰਜਾਬ ਹੈਂਡਲੂਮ ਕਲਾਥ ਸਟੋਰ, ਮੁਗਲ ਸਰਾਏ | ੧੦੧-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਸਿਖ ਸੰਗਤਾਂ ਵਲੋਂ ਆਈ ਮਾਇਆ ਵਿਚੋਂ ਹੇਠ ਲਿਖੇ ਪੀੜਤ ਪਰਵਾਰਾਂ ਨੂੰ ਸਹਾਇਤਾ ਦਿਤੀ ਗਈ ਹੈ—

| | |
|---|---|
| ਬੀਬੀ ਬਲਬੀਰ ਕੌਰ ਸੁਪਤਨੀ ਸ: ਬਲਵਿੰਦਰ ਸਿੰਘ ਚੇਤਨਪੁਰ ਤਸੀਲ ਅਜਨਾਲਾ ... ... | ੫,੦੦੦- ੦ |
| ਬੀਬੀ ਬਲਵਿੰਦਰ ਕੌਰ ਸੁਪਤਨੀ ਸ: ਸੁਖਦੇਵ ਸਿੰਘ, ੪੦-ਜੇ. ਕੈਨਾਲ ਕਾਲੋਨੀ, ਫ਼ੀਰੋਜ਼ਪੁਰ ਛਾਉਣੀ | ੫ ੦੦੦-੦੦ |
| ਬੀਬੀ ਨਛੱਤਰ ਕੌਰ ਸੁਪਤਨੀ ਸ਼ਹੀਦ ਭਾਈ ਅਮਰਜੀਤ ਸਿੰਘ, ਦਹੇੜੂ | ੧੦,੦੦੦-੦੦ |
| ਭਾਈ ਗੁਰਦੇਵ ਸਿੰਘ ਕਾਨਪੁਰ ਰਾਹੀਂ ਸ: ਮੋਹਨ ਸਿੰਘ ਜੀ ਗਾਰਡ ਤੇ ਸੰਗਤ ਕਾਨਪੁਰ | ੫, ੦੦-੦੦ |
| ਭਾਈ ਸਵਰਨ ਸਿੰਘ, ਕਾਨਪੁਰ ,, ,, ,, | ੫,੦੦੦-੦੦ |
| ਭਾਈ ਹਰਵੰਤ ਸਿੰਘ, ਕਾਨਪੁਰ ,, ,, ,, | ੫,੦੦੦-੦੦ |
| ਬੀਬੀ ਬਲਦੇਵ ਕੌਰ, ਖਾਨੋਵਾਲਾ (ਕਪੂਰਥਲਾ) [ਹੋਰ ਸਹਾਇਤਾ ਦਿਤੀ ਜਾਣ ਬਾਰੇ ਵੀਚਾਰ ਹੋ ਰਹੀ ਹੈ] | ੩੦੦-੦੦ |
| ਸਿਖ ਸ਼ਹੀਦ ਪਰਿਵਾਰ ਸਹਾਇਤਾ ਸੁਸਾਇਟੀ ਅੰਮ੍ਰਿਤਸਰ | ੧੧੦੦-੦੦ |

ਨੋਟ—ਭਾ: ਕੇਸਰ ਸਿੰਘ ਕਾਨਪੁਰ ਨੂੰ ਜੁਲਾਈ ਸੂਰਾ ਅਨੁਸਾਰ ਦਸ ਹਜ਼ਾਰ ਰੁਪਏ ਦੀ ਸਹਾਇਤਾ ਦਿਤੀ ਗਈ ਸੀ। ਸਰਕਾਰੀ ਸਹਾਇਤਾ ਮਿਲਣ ਦੀ ਆਸ ਤੇ ਉਨ੍ਹਾਂ ਨੇ ਇਹ ਰਕਮ ਵਾਪਸ ਭੇਜ ਦਿਤੀ ਹੈ।

## ਪੀੜਤ ਪਰਵਾਰਾਂ ਦੀ ਦੇਖ ਭਾਲ

ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੀ ਦੇਖ ਭਾਲ ਸਾਡੀ ਸਾਂਝੀ ਜ਼ਿਮੇਵਾਰੀ ਹੈ। ਅਜਿਹੇ ਪ੍ਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਵਿਸ਼ੇਸ਼ ਧਿਆਨ ਦੇ ਮੁਥਾਜ ਹਨ।

ਇਸ ਜ਼ਿਮੇਵਾਰੀ ਦੇ ਅਹਿਸਾਸ ਵਜੋਂ ਜਥੇ ਵਲੋਂ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਵੇਗੀ ਕਿ ਅਜਿਹੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਲਈ ਹਰ ਪਰਵਾਰ ਦੀ ਹਾਲਤ ਮੁਤਾਬਕ ਯੋਗ ਸਹਾਇਤਾ ਕੀਤੀ ਜਾਵੇ। ਇਸ ਸੰਬੰਧੀ ਸੂਚਨਾ ਜਥੇ ਦੇ ਕੇਂਦਰੀ ਦਫ਼ਤਰ, (ਰਾਹੀਂ ਸੂਰਾ ਮਾਸਕ ਪੱਤਰ) ਪੂਰੇ ਵੇਰਵਿਆਂ ਸਹਿਤ ਭੇਜੀ ਜਾਵੇ ਜੀ।

ਖਾਲਸਾ ਜੀ ਦਾ ਸੇਵਕ—

ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

## ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਉਤਸ਼ਵ ਗੁਰਪੁਰਬ

ਸੰਗਤਾਂ ਨੂੰ ਅਗੇਤਰੀ ਸੂਚਨਾ ਦਿਤੀ ਜਾਂਦੀ ਹੈ ਕਿ ੧੯੯੫ ਸਾਲ ਦਾ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ, ਅਖੰਡ ਕੀਰਤਨੀ ਜਥਿਆਂ ਵਲੋਂ ਯੂ. ਪੀ. ਵਿਚ ਸ਼ਾਹ ਜਹਾਨਪੁਰ ਦੇ ਇਲਾਕੇ ਵਿਚ ਮਨਾਇਆ ਜਾ ਰਿਹਾ ਹੈ। ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ

## ਹਾਲੈਂਡ ਵਿਖੇ ਅੰਮ੍ਰਿਤ ਸਿੰਚਾਰ ਤੇ ਅਖੰਡ ਕੀਰਤਨ

ਭਾਈ ਰਾਜਿੰਦਰ ਸਿੰਘ ਡਡਲੇ ਇੰਗਲੈਂਡ ਤੋਂ ਸੂਚਨਾ ਭੇਜਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਸਵੀਡਨ ਵਿਚ ਇਕ ਹਫਤੇ ਦਾ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿਚ ਅੰਮ੍ਰਿਤ ਕੀਰਤਨ ਤੇ ਅੰਮ੍ਰਿਤ ਬਾਣੀ ਦੀ ਵਰਖਾ ਹੋਈ ਅਤੇ 20 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੀ।

ਹੁਣ ਹਾਲੈਂਡ ਵਿਖੇ 20 ਤੋਂ 22 ਸਤੰਬਰ (ਸ਼ੁਕਰ ਤੋਂ ਐਤਵਾਰ) ਅਖੰਡ ਕੀਰਤਨ ਤੇ ਅੰਮ੍ਰਿਤ ਬਾਣੀ ਦੀ ਵੀਚਾਰ ਹੋਣੀ ਹੈ। 21 ਸਤੰਬਰ ਨੂੰ ਅੰਮ੍ਰਿਤ ਸਿੰਚਾਰ ਹੋਣਗੇ। Guru Nanak Gurdwara, 2-DE Wetering Dwaars ST-36, AMSTERDAM, HOLLAND ਵਿਖੇ ਹੋਣਗੇ।

ਪੁਛ ਗਿਛ—ਸ: ਮੁਚਾ ਸਿੰਘ ਅਖੰਡ ਕੀਰਤਨੀ ਜਥਾ ਹਾਲੈਂਡ, ਫ਼ੋਨ 020-646390
ਅਤੇ ਸ: ਰਾਮ ਸਿੰਘ ਅਖੰਡ ਕੀਰਤਨੀ ਜਥਾ ਹਾਲੈਂਡ।

## ਪਿੰਡ ਨੈਨੋਕੋਟ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਜੋਗਿੰਦਰ ਸਿੰਘ ਬੇਨਤੀ ਕਰਦੇ ਹਨ ਕਿ ਨੈਨੋਕੋਟ ਵਿਖੇ ੨੭ ਤੋਂ ੨੯ ਤਕ ਸ੍ਰੀ ਅਖੰਡ ਪਾਠ ਹੋਣੇ ਹਨ। ੨੮ ਸ਼ਾਮ ੭ ਤੋਂ ੧੦ ਵਡੇ ਗੁਰਦਵਾਰੇ ਵਿਖੇ ਕੀਰਤਨ ਹੋਣਗੇ। ੨੯ ਸਵੇਰੇ ੪ ਵਜੇ ਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ। ਬਟਾਲੇ ਤੋਂ ਕਾਹਨੂੰਵਾਨ ਬਸ ਤੋਂ ਸਠਿਆਲੀ ਪੁਲ ਤੇ ਉਤਰੋ। ਇਥੋਂ ਨੈਨੋਕੋਟ ਡੇਢ ਕਿਲੋਮੀਟਰ ਹੈ। ਦਰਸ਼ਨ ਦੇ ਕੇ ਨਿਵਾਜੋ ਜੀ।

## ਬਰੇਲੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸਵ ਪੁਰਬ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸਵ ਪੁਰਬ ਮਨਾਂਦਿਆਂ ੧੩ ਸਤੰਬਰ ਸ਼ਾਮ ੬ ਵਜੇ ਤੋਂ ੧੫ ਸਤੰਬਰ ਸ਼ਾਮ ੬ ਵਜੇ ਤਕ ਸ੍ਰੀ ਅਖੰਡ ਪਾਠ ਅਤੇ ੧੦-੦ ਵਜੇ ਰਾਤ ਤਕ ਅਖੰਡ ਕੀਰਤਨ ਭਾਈ ਮਹਿੰਦਰ ਸਿੰਘ ਕਵਲਜੀਤ ਸਿੰਘ ਦੇ ਗ੍ਰਹਿ "ਵਾਹਿਗੁਰੂ ਵਿੱਲਾ' ਸ਼ਾਸਤਰੀ ਨਗਰ ਬਰੇਲੀ ਵਿਖੇ ਹੋਣਗੇ। ਆਇ ਜੁੜੋ ਜੀ।

ਪੁਛ ਗਿਛ : ਸੁਰਿੰਦਰਸਿੰਘ ਦਸਮੇਸ਼ ਬਿਸਕੁਟ ਬੇਕਰੀ,ਕੋਹਾੜਾਪੀਰ,ਬਰੇਲੀ। ਦਾਸਰੇ(ਨੌਜਵਾਨ)ਅਖੰਡ ਕੀਰਤਨੀ ਜਥਾ ਬਰੇਲੀ

## ਰਿਸ਼ਤੇ ਨਾਤੇ—

(੧) ਚਿੱਠੀ ਪੱਤਰ ਇਸ ਪਤੇ ਤੇ ਲਿਖੋ : ਫ਼ਾਰਮ ਨੰਬਰ......C/O ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।
(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪੱਤਰ ਕਰੋ ਜੀ।
(੩) ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫਾਰਮ ਨੰ: ੨੫੩—ਇਕ ਸਾਢੇ ੨੪ ਸਾਲਾ ਸਿੰਘ, ਕੱਦ ੧੬੪ ਸ. ਮ., ਦਸਵੀਂ ਪਾਸ, ਸਰਕਾਰੀ ਨੌਕਰੀ ਫਾਰਮਾਸਿਸਟ, ਤਨਖਾਹ ੧੨੦੦/- ਲਈ ਯੋਗ ਬੀਬੀ ਦੀ ਲੋੜ ਹੈ।

ਫਾਰਮ ਨੰ: ੨੫੪-ਇਕ ੨੩ ਸਾਲਾ, ਬੀ.ਏ.ਬੀ.ਐਡ ਕੀਰਤਨੀ ਬੀਬੀ, ਕੱਦ ੫'-੩", ਪ੍ਰਾਈਵੇਟ ਸਰਵਿਸ, ਤਨਖਾਹ ੪੦੦ ਰੁਪਏ, ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੨੫੫—ਇਕ ਸਾਢੇ ੨੫ ਸਾਲਾ, ਬੀ.ਏ. ਪਾਸ ਬੀਬੀ, ਕੱਦ ੫'-੩", ਪ੍ਰਾਈਵੇਟ ਟੀਚਰ ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੨੫੬—ਇਕ ੨੪ ਸਾਲਾ ਬੀ.ਏ.ਬੀ.ਐਡ. ਬੀਬੀ ਟੀਚਰ ਟੈਂਪਰੇਰੀ, ਤਨਖਾਹ ੭੫੦/- ਰੁਪਏ ਲਈ ਚੰਗੇ ਕਾਰੋਬਾਰੀ ਜਾਂ ਆਫ਼ੀਸਰ ਵਰ ਦੀ ਲੋੜ ਹੈ।

ਫਾਰਮ ਨੰ: ੨੫੭—ਇਕ ੨੪ ਸਾਲਾ ਰਾਜ ਮਿਸਤਰੀ ਸਿੰਘ, ਕੱਦ ੫'-੯", ਮਿਡਲ ਪਾਸ ਲਈ ਯੋਗ ਬੀਬੀ ਦੀ ਲੋੜ ਹੈ।

ਫਾਰਮ ਨੰ: ੨੫੮—ਇਕ ੨੩ ਸਾਲਾ ਬੀ.ਏ.ਬੀ.ਐਡ. ਬੀਬੀ ਕੱਦ ੫'-੪" ਲਈ ਗੂੜ੍ਹ ਗੁਰਮਤਿ ਰਹਿਤ ਰਹਿਣੀ ਵਾਲੇ ਵਰ ਦੀ ਲੋੜ ਹੈ।

ਫਾਰਮ ਨੰ: ੨੫੯—ਇਕ ੨੫ ਸਾਲਾ ਸਿੰਘ, ਹਾਇਰ ਸੈਕੰਡਰੀ, ਗਿਆਨੀ, ਕੱਦ ੫'-੬", ਸਰਕਾਰੀ ਨੌਕਰੀ, ਤਨਖਾਹ ੧੦੦੦/- ਰੁਪਏ ਲਈ ਯੋਗ ਬੀਬੀ ਦੀ ਲੋੜ ਹੈ।

ਫਾਰਮ ਨੰ: ੨੬੦—ਇਕ ੨੮ ਸਾਲਾ, ਬੀ.ਏ. ਪਾਸ, ਦੁਹਾਜੂ ਸਿੰਘ, ਦੋ ਬੱਚੇ, ਕੰਮ ਖੇਤੀ ਬਾੜੀ ਲਈ ਯੋਗ ਬੀਬੀ ਦੀ ਲੋੜ ਹੈ।

www.AKJ.Org

## ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਰਕਸ਼ਾਪ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੧੦ ਅਕਤੂਬਰ ਸ਼ਾਮ ੭ ਤੋਂ ੧੦ ਸੋਦਰ ਦੀ ਚੌਕੀ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਕਾਲੋਨੀ ਯਮੁਨਾ ਨਗਰ, ੧੧ ਅਕਤੂਬਰ ਸਵੇਰੇ ੮ ਤੋਂ ੧ ਵਜੇ ਤਕ ਕੀਰਤਨ ਗੁ: ਸੁਢਲ ਸਾਹਿਬ ਪਾ: ੯ ਵਰਕਸ਼ਾਪ ਰੋਡ ਯਮੁਨਾ ਨਗਰ, ਸ਼ਾਮ ੭ ਤੋਂ ੧੦ ਸੋਦਰ ਦੀ ਚੌਕੀ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਯਮੁਨਾ ਨਗਰ ੧੨ ਅਕਤੂਬਰ ਸ਼ਾਮ ਅੰਮ੍ਰਿਤ ਸਿੰਚਾਰ ਅਰੰਭ ਤੇ ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਅਰੰਭ ਗੁ: ਸਿੰਘ ਸਭਾ ਜਗਾਧਰੀ ਵਰਕਸ਼ਾਪ, ੧੩ ਅਕਤੂਬਰ ਐਤਵਾਰ ਸਵੇਰੇ ਸਮਾਪਤੀ। ਦਾਸਰੇ—ਅਖੰਡ ਕੀਰਤਨੀ ਜਥਾ ਯਮੁਨਾ ਨਗਰ-ਜਗਾਧਰੀ

## ਫਗਵਾੜਾ ਵਿਖੇ ਸਾਲਾਨਾ ਅਖੰਡਪਾਠ, ਕੀਰਤਨ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ

ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਜੀ. ਟੀ. ਰੋਡ, ਫਗਵਾੜਾ ਵਿਖੇ ੭ ਸਤੰਬਰ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ੧੦ ਵਜੇ ਤਕ ਕੀਰਤਨ, ਸ਼ਾਮ ਅੰਮ੍ਰਿਤ-ਸਿੰਚਾਰ ਤੇ ਸੋਦਰ ਤੇ ਉਪਰੰਤ ਰੈਣ ਸਬਾਈ ਕੀਰਤਨ ਅਰੰਭ, ੮ ਸਤੰਬਰ ਐਤਵਾਰ ਸਵੇਰੇ ੬ ਵਜੇ ਸਮਾਪਤੀ। ਦਾਸਰੇ—ਅਖੰਡ ਕੀਰਤਨੀ ਜਥਾ ਫਗਵਾੜਾ

## ਕਾਨਪੁਰ ਵਿਖੇ ਸ਼ਹੀਦ ਗੁਰਚਰਨਜੀਤ ਸਿੰਘ ਦੀ ਯਾਦ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾ: ਰੇਸ਼ਮ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਭੈਣ ਪਰਮਜੀਤ ਕੌਰ ਦੇ ਗ੍ਰਿਹ ੨੦੧ ਸ਼ੰਕਰ ਨਗਰ, ਐਚ. ਏ. ਐਲ. ਟਾਊਨਸ਼ਿਪ ਦੇ ਸਾਹਮਣੇ ਕਾਨਪੁਰ ਵਿਖੇ ਸ਼ਹੀਦ ਗੁਰਚਰਨਜੀਤ ਸਿੰਘ ਦੀ ਪਹਿਲੀ ਸਾਲਾਨਾ ਯਾਦ ਵਿਖੇ ੨੫ ਸਤੰਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ, ਉਪਰ ਅਖੰਡ ਕੀਰਤਨ ਹੋਣੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਬਸੀ ਪਠਾਣਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸਵ ਸਮੇਂ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਗੁਰਪੁਰਬ ਮਨਾਂਦਿਆਂ ੧੫ ਸਤੰਬਰ ਐਤਵਾਰ ਰਾਤ ਨੂੰ ਗੁਰਦਵਾਰਾ ਧੋਬੀ ਮਹੱਲਾ ਬਸੀ ਪਠਾਣਾਂ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਗੁਰਦਵਾਰਾ ਫਲਾਹੀ ਸਾਹਿਬ ਪਿੰਡ ਦੂਲਏ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੭ ਸਤੰਬਰ ਸ਼ਨੀਵਾਰ ਰਾਤ ਨੂੰ ਗੁ: ਫਲਾਹੀ ਸਾਹਿਬ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਗੁ: ਸੰਤੋਖ ਸਰ (ਟਾਹਲੀ ਸਾਹਿਬ) ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ

ਸੰਗਤ ਗੁ: ਸੰਤੋਖ ਸਰ ਸੂਚਨਾ ਭੇਜਦੀ ਹੈ ਕਿ ੧੪ ਸਤੰਬਰ ਸ਼ਨੀਵਾਰ ਰਾਤ ਨੂੰ ਗੁਰ-ਅਸਥਾਨ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਦਿ ਜੁੜੋ ਜੀ।

## ਪਾਉਂਟਾ ਸਾਹਿਬ (ਹਿਮਾਚਲ) ਵਿਖੇ ਰੈਣ ਸਬਾਈ ਕੀਰਤਨ

ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰ ਪ੍ਰਾਈਜ਼ਿਜ਼ (ਨੇੜੇ ਸਟੇਟ ਬੈਂਕ ਆਫ਼ ਇੰਡੀਆ) ਦੇ ਗ੍ਰਿਹ ਵਿਖੇ ੨੧ ਸਤੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇ ਕੇ ਸੇਵਕ ਨੂੰ ਨਿਵਾਜੋ ਜੀ।

## ਲੁਧਿਆਣਾ ਮਾਡਲ ਹਾਊਸ ਵਿਖੇ ਰੈਣ ਸਬਾਈ ਕੀਰਤਨ

ਭਾਈ ਮਾਨ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ੧੦੮ ਮਾਡਲ ਹਾਊਸ ਲੁਧਿਆਣਾ ਵਿਖੇ ੨੧ ਸਤੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਦਰਸ਼ਨ ਬਖਸ਼ ਕੇ ਧੰਨਵਾਦੀ ਬਣਾਓ ਜੀ।

## ਪਿੰਡ ਅਲੀਗੜ੍ਹ (ਰਛਪਾਲ ਸਿੰਘ ਨਗਰ) ਨੇੜੇ ਜਗਰਾਵਾਂ ਵਿਖੇ ਸ੍ਰੀ ਅਖੰਡਪਾਠ ਸਮਾਗਮ

ਭਾ: ਅਮਰਜੀਤ ਸਿੰਘ ਲੁਧਿਆਣਾ ਸੂਚਨਾ ਦੇਂਦੇ ਹਨ ਕਿ ਪਿੰਡ ਅਲੀਗੜ੍ਹ ਵਿਖੇ ਭਾਈ ਜਗਜੀਤ ਸਿੰਘ ਦੇ ਗ੍ਰਿਹ ਵਿਖੇ ੨੨ ਸਤੰਬਰ ਐਤਵਾਰ ਨੂੰ ਅਖੰਡਪਾਠ ਦੇ ਭੋਗ ਪੈਣੇ ਹਨ, ਉਪਰੰਤ ਦੁਪਹਿਰ ਤਕ ਕੀਰਤਨ ਹੋਣੇ ਹਨ। ਦਰਸ਼ਨ ਬਖ਼ਸ਼ੋ ਜੀ।

## ਸੈਕਟਰ ੪੩-ਬੀ ਚੰਡੀਗੜ੍ਹ ਵਿਖੇ ਹਰ ਸ਼ਨੀਵਰ ਸ਼ਾਮ ਨੂੰ ਗੁਰਬਾਣੀ ਕੀਰਤਨ

ਸ: ਉਜਲ ਸਿੰਘ ਡਿਪਟੀ ਸੈਕਟਰੀ ਪੰਜਾਬ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਨਿਵਾਸ ੧੪੭੦, ਸੈਕਟਰ ੪੩-ਬੀ ਚੰਡੀਗੜ੍ਹ ਵਿਖੇ ਹਰ ਬੁਧਵਾਰ ਸ਼ਾਮ ਨੂੰ ੭ ਤੋਂ ੮ ਗੁਰਬਾਣੀ ਕੀਰਤਨ ਹੁੰਦਾ ਹੈ। ਦਰਸ਼ਨ ਦੇ ਕੇ ਨਿਵਾਜੋ ਜੀ।

www.AKJ.Org

## ਚੰਡੀਗੜ੍ਹ ਸ੍ਰੀ ਗੁਰੂ ਸਿੰਘ ਸਭਾ ਸੈਕਟਰ ੧੯ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼-ਉਤਸਵ ਪ੍ਰੋਗਰਾਮ

੧੨ ਸਤੰਬਰ ਸਵੇਰੇ ੩ ਤੋਂ ੬ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਸ਼ਾਮ ੬-੩੦ ਤੋਂ ੯ ਸੋਦਰ ਦੀ ਚੌਕੀ
੧੩ ,, ਸਵੇਰੇ ੫ ਤੋਂ ੯ ਕੀਰਤਨ ਸ਼ਾਮ ੬-੩੦ ਤੋਂ ੯ ਸੋਦਰ ਦੀ ਚੌਕੀ
੧੪ ,, ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ੯ ਵਜੇ ਤਕ ਕੀਰਤਨ ਆਸਾ ਦੀ ਵਾਰ, **੯ ਤੋਂ ੧੦ ਅਨਦ ਕਾਰਜ**, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ੫ ਵਜੇ ਅਰੰਭ ਅੰਮ੍ਰਿਤ ਸਿੰਚਾਰ, ਰਾਤ ਰੈਣ ਸਬਾਈ ਕੀਰਤਨ
੧੫ ,, ਸਵੇਰੇ ੮ ਵਜੇ ਸਮਾਪਤੀ ਰੈਣ ਸਬਾਈ ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ ਮੋਹਾਲੀ

## ਬਟਾਲਾ ਵਿਆਹ ਪੁਰਬ ਸਮੇਂ ਸਾਲਾਨਾ ਕੀਰਤਨ ਸਮਾਗਮ

### ੧੯ ਸਤੰਬਰ ਵੀਰਵਾਰ ਸਵੇਰ ਤੋਂ ੨੨ ਸਤੰਬਰ ੧੯੮੫ ਐਤਵਾਰ ਸਵੇਰ ਤਕ

ਸਾਰਾ ਪ੍ਰੋਗਰਾਮ ਗੁਰੂ ਨਾਨਕ ਖਾਲਸਾ ਹਾ: ਸੈ: ਸਕੂਲ (ਗੁਰਦਾਸਪੁਰ ਰੋਡ ਬਸ ਅਡੇ ਤੋਂ ਇਕ ਕਿਲੋ ਮੀਟਰ) ਵਿਖੇ
੧੯ ਸਤੰਬਰ ਸਵੇਰੇ ੪ ਤੋਂ ੬-੩੦ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ।
੨੧ ਸਤੰਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਅਰੰਭ, ਸੋਦਰ ਦੇ ਪਾਠ ਉਪਰੰਤ ਅਰੰਭ ਰੈਣ ਸਬਾਈ ਕੀਰਤਨ, ੨੨ ਸਤੰਬਰ ਸਵੇਰੇ ੫ ਵਜੇ ਅਨੰਦ ਕਾਰਜ, ੬ ਵਜੇ ਸਮਾਪਤੀ

ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

## ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੨੬ ਤੋਂ ੨੯ ਸਤੰਬਰ ਐਤਵਾਰ ਸਵੇਰ ਤਕ

ਗੁਰਦਵਾਰਾ ਸ੍ਰੀ ਗੁਰੂ ਹਰਿ ਗੋਬਿੰਦ ਗੜ੍ਹ ਕੁਰਾਲੀ ਵਿਚ ਸ਼ਹੀਦਾਂ ਦੀ ਯਾਦ ਵਿਚ ਕੀਰਤਨ ਸਮਾਗਮ ਦੇ ਪ੍ਰੋਗਰਾਮ—
੨੬ ਸਤੰਬਰ ੫ ਤੋਂ ੮ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ, ਸ਼ਾਮ ੭-੩੦ ਤੋਂ ੯-੩੦ ਕੀਰਤਨ ਪਿੰਡ ਗੁਰ: ਪਪਰਾਲੀ,
੨੭ ਸਤੰਬਰ ੫ ਤੋਂ ੮ ਕੀਰਤਨ ਗੁ: ਸ੍ਰੀ ਗੁਰੂ ਅਰਜਨ ਦੇਵ ਕੁਰਾਲੀ, ਸ਼ਾਮ ੭-੩੦ ਤੋਂ ੯-੩੦ ਕੀਰਤਨ ਪਿੰਡ ਚਨਾਲੋ
੨੮ ਸਤੰਬਰ ੫-੩੦ ਭੋਗ ਸ੍ਰੀ ਅਖੰਡਪਾਠ, ਉਪਰੰਤ ੧੧ ਵਜੇ ਤਕ ਅਖੰਡ ਕੀਰਤਨ, ੮ ਵਜੇ ਰਾਤ ਅਰੰਭ ਰੈਣ ਸਬਾਈ ਕੀਰਤਨ
ਅੰਮ੍ਰਿਤ ਅਭਿਲਾਖੀ ਤਿਆਰੀ ਹੋ ਕੇ ਸਮੇਂ ਸਿਰ ਪੁਜਣ, ੨੯ ਸਤੰਬਰ ਸਵੇਰੇ ਸਤ ਵਜੇ ਸਮਾਪਤੀ।

ਦਾਸਰੇ—ਅਖੰਡ ਕੀਰਤਨੀ ਜਥਾ ਕੁਰਾਲੀ

## ਗੁ: ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਪੁਲ ਪੁਖਤਾ ਜ਼ਿਲਾ ਹੁਸ਼ਿਆਰਪੁਰ ਵਿਖੇ ਗੁਰਮਤਿ ਸਮਾਗਮ

ਪੁਲ ਪੁਖ਼ਤਾ (ਪੱਕਾ ਪੁਲ) ਮੀਰੀ ਪੀਰੀ ਦੇ ਮਾਲਕ ਗੁਰ ਅਸਥਾਨ ਵਿਖੇ ਪਹਿਲਾ ਸਾਲਾਨਾ ਸਮਾਗਮ ਹੈ, ਟਾਂਡਾ ਤੋਂ ੩ ਕਿਲੋਮੀਟਰ ਕਪੂਰਥਲਾ-ਅੰਮ੍ਰਿਤਸਰ ਰੋਡ ਤੇ ਇਹ ਅਸਥਾਨ ਹੈ।

੨੬ ਸਤੰਬਰ ਸਵੇਰੇ ੫ ਤੋਂ ੭ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰਦਵਾਰਾ ਸਾਹਿਬ ਵਿਖੇ, ਸ਼ਾਮ ਸੋਦਰ ਦੀ ਚੌਕੀ ੭ ਤੋਂ ੯ ਗੁਰਦਵਾਰਾ ਪਿੰਡ ਬੈਸਾਂ ਵਿਖੇ, ੨੭ ਸਤੰਬਰ ਸਵੇਰੇ ੫ ਤੋਂ ੭ ਕੀਰਤਨ ਭਾ: ਜੋਗਿੰਦਰ ਸਿੰਘ ਭੂਲਪੁਰ ਵਾਲੇ ਦੇ ਗ੍ਰਿਹ ਵਿਖੇ, ਸ਼ਾਮ ਸੋਦਰ ਦੀ ਚੌਕੀ ੭ ਤੋਂ ੯ ਗੁਰਦਵਾਰਾ ਸਾਹਿਬ ਪਿੰਡ ਦਬੁਰਜੀ। ੨੮ ਸਤੰਬਰ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ੬ ਤੋਂ ੧੨ ਤਕ ਕੀਰਤਨ, ਸ਼ਾਮ ੪ ਵਜੇ ਅਰੰਭ ਅੰਮ੍ਰਿਤ ਸਿੰਚਾਰ, ਸ਼ਾਮ ੭ ਵਜੇ ਅਰੰਭ ਰੈਣ ਸਬਾਈ, ੨੯ ਸਤੰਬਰ ਐਤਵਾਰ ਸਵੇਰੇ ਸਮਾਪਤੀ। ਪੁਛ ਗਿਛ ਭਾ: ਪ੍ਰੀਤਮ ਸਿੰਘ ਖਾਲਸਾ, ਦਸਮੇਸ਼ ਇੰਜ: ਵਰਕਸ, ਲਾਗੇ ਰਲਵੇ ਸਟੇਸ਼ਨ, ਦਸੂਹਾ।

ਦਾਸਰੇ—ਅਖੰਡ ਕੀਰਤਨੀ ਜਥਾ ਟਾਂਡਾ, ਦਸੂਹਾ (ਹੁਸ਼ਿਆਰਪੁਰ)

## ਪਿੰਡ ਦਿਆਲਪੁਰ (ਜ਼ਿਲਾ ਕਪੂਰਥਲਾ) ਵਿਖੇ ਸਾਲਾਨਾ ਕੀਰਤਨ ਸਮਾਗਮ ਤੇ ਅੰਮ੍ਰਿਤ-ਸਿੰਚਾਰ

੧ ਅਕਤੂਬਰ ਸਵੇਰੇ ੩ ਤੋਂ ੬ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰਦਵਾਰਾ ਪੱਡਿਆਂ ਵਿਖੇ।
੫ ਅਕਤੂਬਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੬ ਵਜੇ ਅਰੰਭ ਅੰਮ੍ਰਿਤ ਸਿੰਚਾਰ ਤੇ ਅਰੰਭ ਰੈਣ ਸਬਾਈ ਕੀਰਤਨ, ੬ ਅਕਤੂਬਰ ਸਵੇਰੇ ੬ ਵਜੇ ਸਮਾਪਤੀ।

ਦਾਸਰੇ—ਅਖੰਡ ਕੀਰਤਨੀ ਜਥਾ, ਇਲਾਕਾ ਦਿਆਲਪੁਰ

ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org